ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 98 Wednesday, May 22, 2019 Tel: 905-793-2202 | Fax: 905-793-2282 | news@punjabi-

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

Advertising space available
647-767-8921
MORE INFORMATION


# ਚੀਨ ਨਾਲ ਨਾਜ਼ੁਕ ਦੌਰ ਵਿੱਚੋਂ ਲੰਘ ਰਹੇ ਹਨ ਕੈਨੇਡਾ ਦੇ ਸਬੰਧ : ਟਰੂਡੋ

## ਨਜ਼ਰਬੰਦ ਕੈਨੇਡੀਅਨਾਂ ਨੂੰ ਰਿਹਾਅ ਕਰਵਾਉਣ ਲਈ ਕੈਨੇਡੀਅਨ ਵਫਦ ਚੀਨ ਪਹੁੰਚਿਆ



ਕਿਊਬਿਕ, 21 ਮਈ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਹ ਸਵੀਕਾਰ ਕੀਤਾ ਹੈ ਕਿ ਚੀਨ ਨਾਲ ਕੈਨੇਡਾ ਦੇ ਸਬੰਧ ਕਾਫੀ ਨਾਜ਼ੁਕ ਦੌਰ ਵਿੱਚੋਂ ਲੰਘ ਰਹੇ ਹਨ ਪਰ ਉਨ੍ਹਾਂ ਆਖਿਆ ਕਿ ਸਾਡੇ ਵੱਲੋਂ ਡਿਪਲੋਮੈਟਿਕ ਕੋਸ਼ਿਸ਼ਾਂ ਜਾਰੀ ਰੱਖੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਚੀਨ ਵਿੱਚ ਨਜ਼ਰਬੰਦ ਦੋ ਕੈਨੇਡੀਅਨਾਂ ਨੂੰ ਰਿਹਾਅ ਕਰਵਾਉਣ ਲਈ ਕੈਨੇਡੀਅਨ ਵਫਦ ਚੀਨ ਪਹੁੰਚ ਚੁੱਕਿਆ ਹੈ।

ਕਿਊਬਿਕ ਵਿੱਚ ਇੱਕ ਐਲੂਮੀਨੀਅਮ ਪਲਾਂਟ ਦਾ ਦੌਰਾ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਕੈਨੇਡੀਅਨ ਅਧਿਕਾਰੀ ਡਿਪਲੋਮੈਟਿਕ ਪੱਧਰ ਉੱਤੇ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ ਪਰ ਉਨ੍ਹਾਂ ਚੀਨ ਦੀ ਆਲੋਚਨਾ ਕਰਦਿਆਂ ਆਖਿਆ ਕਿ ਦੁਨੀਆ ਦੇ ਮੰਚ ਉੱਤੇ ਆਪਣੀ ਛਾਪ ਛੱਡਣ ਲਈ ਚੀਨ ਹਰ ਹੀਲਾ ਵਰਤ ਰਿਹਾ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਚੀਨੀ ਅਧਿਕਾਰੀਆਂ ਨੇ ਰਸਮੀ ਤੌਰ ਉੱਤੇ ਦੋ ਕੈਨੇਡੀਅਨਾਂ, ਮਾਈਕਲ ਕੋਵਰਿਗ ਤੇ ਮਾਈਕਲ ਸਪੇਵਰ, ਨੂੰ ਗ੍ਰਿਫਤਾਰ ਕਰ ਲਿਆ ਸੀ। ਇਸ ਤੋਂ ਪਹਿਲਾਂ ਇਨ੍ਹਾਂ ਦੋਵਾਂ ਕੈਨੇਡੀਅਨਾਂ ਨੂੰ ਦਸੰਬਰ 2018 ਤੋਂ ਨਜ਼ਰਬੰਦ ਕਰਕੇ ਰੱਖਿਆ ਗਿਆ ਸੀ। ਅਮਰੀਕਾ ਦੀ ਬੇਨਤੀ ਉੱਤੇ ਹੁਆਵੇਈ ਦੀ ਐਗਜ਼ੈਕਟਿਵ ਮੈਂਗ ਵਾਨਜ਼ੋਊ ਨੂੰ ਵੈਨਕੂਵਰ ਵਿੱਚ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਹੀ ਇਨ੍ਹਾਂ ਦੋਵਾਂ ਕੈਨੇਡੀਅਨਾਂ ਨੂੰ ਚੀਨ ਵਿੱਚ ਨਜ਼ਰਬੰਦ ਕੀਤਾ ਗਿਆ ਸੀ।

ਪ੍ਰਧਾਨ ਮੰਤਰੀ ਨੇ ਆਖਿਆ ਕਿ ਕੈਨੇਡਾ ਅਜੇ ਵੀ ਇਨ੍ਹਾਂ ਦੋਵਾਂ ਕੈਨੇਡੀਅਨਾਂ ਦੀ ਰਿਹਾਈ ਲਈ ਜ਼ੋਰ ਲਾ ਰਿਹਾ ਹੈ।

...ਬਾਕੀ ਪੰਨਾ 6 'ਤੇ

# ਫੋਰਡ ਨੇ ਬਚਤ ਵਿਚ ਮਦਦ ਬਦਲੇ ਸਕੂਲ ਬੋਰਡਜ਼ ਤੇ ਮਿਉਂਸਪੈਲਿਟੀਜ਼ ਨੂੰ 7.35 ਮਿਲੀਅਨ ਡਾਲਰ ਖਰਚਣ ਦੀ ਕੀਤੀ ਪੇਸ਼ਕਸ਼




ਓਨਟਾਰੀਓ, 21 ਮਈ (ਪੋਸਟ ਬਿਊਰੋ) : ਪ੍ਰੋਵਿੰਸ਼ੀਅਲ ਫੰਡਿੰਗ ਵਿੱਚ ਕਟੌਤੀ ਕਰਕੇ ਮਿਊਂਸਪੈਲਿਟੀਜ਼ ਦਾ ਸੰਘ ਘੁੱਟਣ ਤੋਂ ਬਾਅਦ ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਸਰਕਾਰ ਬਚਤ ਵਿੱਚ ਉਨ੍ਹਾਂ ਦੀ ਮਦਦ ਕਰਨ ਲਈ 7.35 ਮਿਲੀਅਨ ਡਾਲਰ ਖਰਚ ਕਰੇਗੀ।

ਟੋਰਾਂਟੋ ਦੇ ਮੇਅਰ ਜੌਹਨ ਟੋਰੀ ਨੇ ਆਖਿਆ ਕਿ ਓਨਟਾਰੀਓ ਸਰਕਾਰ ਹੁਣ ਅੱਖਾਂ ਪੂੰਝਣ ਲਈ 7 ਮਿਲੀਅਨ ਡਾਲਰ ਖਰਚ ਕਰਨ ਦਾ ਐਲਾਨ ਕਰ ਰਹੀ ਹੈ। ਟੋਰੀ ਨੇ ਇੱਕ ਬਿਆਨ ਜਾਰੀ ਕਰਦਿਆਂ ਆਖਿਆ ਕਿ ਪਹਿਲਾਂ ਫੋਰਡ ਸਰਕਾਰ ਨੇ ਪਬਲਿਕ ਹੈਲਥ, ਡੇਅਕੇਅਰ ਤੇ ਟਰਾਂਜ਼ਿਟ ਵਿੱਚ ਵੱਡੀਆਂ ਕਟੌਤੀਆਂ ਕਰ ਦਿੱਤੀਆਂ ਤੇ ਹੁਣ ਇਹ ਮਾਮੂਲੀ ਰਕਮ ਐਲਾਨ ਕੇ ਪ੍ਰੋਵਿੰਸ਼ੀਅਲ ਸਰਕਾਰ ਸਾਡਾ ਕੀ ਸੰਵਾਰ ਰਹੀ ਹੈ। ਉਨ੍ਹਾਂ ਆਖਿਆ ਕਿ ਕਟੌਤੀਆਂ ਕਰਨ ਲੱਗਿਆਂ ਨੇ ਤਾਂ ਸਰਕਾਰ ਨੇ ਸਾਡੀ ਕੋਈ ਰਾਇ ਨਹੀਂ ਲਈ। ਟੋਰੀ ਨੇ ਆਖਿਆ ਕਿ ਇਹ ਸਪਸ਼ਟ ਹੈ ਕਿ ਇਨ੍ਹਾਂ ਕਟੌਤੀਆਂ ਨਾਲ ਸਥਾਨਕ ਵਾਸੀਆਂ ਤੇ ਪਰਿਵਾਰਾਂ ਨੂੰ ਵੱਡਾ ਨੁਕਸਾਨ ਹੋਵੇਗਾ।

ਟੋਰੀ ਨੇ ਇੱਕ ਵਾਰੀ ਮੁੜ ਫੋਰਡ ਸਰਕਾਰ ਨੂੰ ਇਨ੍ਹਾਂ ਕਟੌਤੀਆਂ ਉੱਤੇ ਰੋਕ ਲਾਉਣ ਦੀ ਗੁਜ਼ਾਰਿਸ਼ ਕੀਤੀ। ਮੰਗਲਵਾਰ ਨੂੰ ਫੋਰਡ ਨੇ ਐਜੈਕਸ ਵਿੱਚ ਦੁਪਹਿਰ ਵੇਲੇ ਦਿੱਤੇ ਆਪਣੇ ਭਾਸ਼ਣ ਵਿੱਚ ਆਖਿਆ ਕਿ

...ਬਾਕੀ ਪੰਨਾ 6 'ਤੇ

# ਪ੍ਰਾਈਵੇਸੀ ਵਾਚਡੌਗ ਨੂੰ ਵਧੇਰੇ ਸ਼ਕਤੀਆਂ ਦੇਣ ਬਾਰੇ ਵਿਚਾਰ ਕਰ ਰਹੀ ਹੈ ਫੈਡਰਲ ਸਰਕਾਰ



ਓਟਵਾ, 21 ਮਈ (ਪੋਸਟ ਬਿਊਰੋ) : ਫੈਡਰਲ ਸਰਕਾਰ ਕੈਨੇਡੀਅਨ ਅਧਿਕਾਰਾਂ ਦੀ ਰਾਖੀ ਲਈ ਪ੍ਰਾਈਵੇਸੀ ਵਾਚਡੌਗ ਨੂੰ ਹੋਰ ਸ਼ਕਤੀਆਂ ਦੇਣ ਬਾਰੇ ਵਿਚਾਰ ਕਰ ਰਹੀ ਹੈ।

ਫੈਡਰਲ ਸਰਕਾਰ ਦਾ ਮੰਨਣਾ ਹੈ ਕਿ ਪ੍ਰਾਈਵੇਟ ਕੰਪਨੀਆਂ ਵੱਲੋਂ ਕੈਨੇਡੀਅਨ ਪ੍ਰਾਈਵੇਸੀ ਅਧਿਕਾਰਾਂ ਦੀ ਉਲੰਘਣਾਂ ਨੂੰ ਰੋਕਣ ਤੇ ਕਾਨੂੰਨ ਦਾ ਪਾਲਣ ਨਾ ਕਰਨ ਵਾਲੀਆਂ ਕੰਪਨੀਆਂ ਖਿਲਾਫ ਸਖ਼ਤ ਜੁਰਮਾਨੇ ਲਾਉਣ ਦੀ ਸਮਰੱਥਾ ਵਾਸਤੇ ਕੈਨੇਡਾ ਦੇ ਪ੍ਰਾਈਵੇਸੀ ਕਮਿਸ਼ਨਰ ਆਫਿਸ ਕੋਲ ਹੁਕਮ ਦੇਣ ਦੀ ਸੀਮਤ ਸ਼ਕਤੀ ਤਾਂ ਹੋਣੀ ਚਾਹੀਦੀ ਹੈ। ਕੈਨੇਡਾ ਦੇ ਪ੍ਰਾਈਵੇਟ ਸੈਕਟਰ ਪ੍ਰਾਈਵੇਸੀ ਲਾਅਜ਼ (ਪਿਪੇਡਾ) ਦਾ ਆਧੁਨਿਕੀਕਰਨ ਕਿਸ ਤਰ੍ਹਾਂ ਕੀਤਾ ਜਾਵੇ ਇਸ ਬਾਰੇ ਮੰਗਲਵਾਰ ਨੂੰ ਇਨੋਵੇਸ਼ਨ, ਸਾਇੰਸ ਐਂਡ ਇਕਨੌਮਿਕ ਡਿਵੈਲਪਮੈਂਟ ਵਿਭਾਗ ਵੱਲੋਂ ਨਵਾਂ ਪਾਲਿਸੀ ਪੇਪਰ ਜਾਰੀ ਕੀਤਾ ਗਿਆ ਜਿਸ ਅਨੁਸਾਰ ਪ੍ਰਾਈਵੇਸੀ ਵਾਚਡੌਗ ਨੂੰ ਹੋਰ ਸ਼ਕਤੀਆਂ ਦੇਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ।

ਇਸ ਦਸਤਾਵੇਜ਼ ਵਿੱਚ ਆਖਿਆ ਗਿਆ ਹੈ ਕਿ ਪ੍ਰਾਈਵੇਸੀ ਨਿਯਮਾਂ ਦੀ ਉਲੰਘਣਾਂ ਕਰਨ ਵਾਲਿਆਂ ਨੂੰ ਸਖ਼ਤ ਨਤੀਜਿਆਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਇਸ ਲਈ ਇਹ ਸੱਭ ਇਸੇ ਢਰੇ ਉੱਤੇ ਨਹੀਂ ਚੱਲ ਸਕਦਾ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਓਮਬਡਸਮੈਨ ਮਾਡਲ ਤੇ ਪਿਪੇਡਾ ਨੂੰ ਲਾਗੂ ਕਰਨਾ, ਜੋ ਕਿ ਸਿਫਾਰਿਸ਼ਾਂ ਉੱਤੇ ਹੀ ਨਿਰਭਰ ਕਰਦਾ ਹੈ, ਸਮਾਂ ਵਿਹਾਅ ਚੁੱਕਿਆ ਹੈ।

...ਬਾਕੀ ਪੰਨਾ 6 'ਤੇ


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

ALLKIND INSURANCE
NOW HIRING !!!
LIFE INSURANCE • SUPER VISA INSURANCE • CRITICAL ILLNESS INS • MORTGAGE INSURANCE • TRAVEL & VISITOR INS • DISABILITY INSURANCE • RESP & TFSA & RRSP • FUNERAL INSURANCE
SIMRAN SAINI 416.994.7272
www.allkindinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

INSURANCE
Home Auto
Business Trucking
R.E.S.P Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
Late Evening and Weekends Appointments Available
1888 864 3131
Jasbir Singh Hundal Qualified Credit Counsellor
416-502-3100 Unit #20 - 7015 Tranmere Drive Mississauga, ON L5S 1T7

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets
Legal Basement
Completly Furnished
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Call Jaswant Sehmbi: 647.524.0885

Advertising Space Available!
647-767-8921
CONTACT US

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਹਲਫਨਾਮੇ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਸੰਪਰਕ ਕਰੋ।
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# AMAN TRAVEL
# ਅਮਨ ਟਰੈਵਲ

SPECIAL FARES TO DELHI & AMRITSAR

TICO # 50022741





LAST MINUTE DEALS AVAILABLE

GAURAV GUPTA
905.796.3535

ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ

218 KINGKNOLL DR., BRAMPTON, ON L6Y 4X4

# ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

Minimum 1 year experience & Trained mechanic

- 6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Also need Body Shop Mechanic



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)



25 Picasso Dr

## House for sale in Castlemore

ਬਰੈਂਪਟਨ ਦੇ ਕੈਸਲਮੋਅਰ ਏਰੀਆ ਵਿਚ 3000sqft ਦਾ ਅਪਗ੍ਰੇਡ ਕੀਤਾ ਗਿਆ ਘਰ। ਇਸ ਵਿੱਚ 5+2 ਬੈੱਡਰੂਮ ਅਤੇ 6 ਬਾਥਰੂਮ ਹਨ। Seperate Entry ਨਾਲ ਬੇਸਮੈਂਟ ਪੂਰੀ ਤਰ੍ਹਾਂ ਤਿਆਰ ਹੈ। ਸਾਰੇ ਘਰ ਵਿਚ ਹਾਰਡਵੁੱਡ ਪਈ ਹੈ। Front ਤੇ ਨਵੀਂ ਸਟੋਨ ਅਤੇ Stucco ਕੀਤੀ ਗਈ ਹੈ। ਨਵੀਆਂ ਗੈਰਾਜ ਡੋਰਾਂ। ਵੱਡੀ ਕਿਚਨ। ਬੈਕ ਤੇ ਵੱਡਾ ਡੈੱਕ ਅਤੇ Patio. ਸਾਰੇ ਘਰ ਦੇ ਦੁਆਲੇ ਸਟੈਂਪ ਕੰਕਰੀਟ ਹੈ। 4 ਕਾਰ ਦਾ Driveway ਬਿਨਾਂ ਸਾਈਡ ਵਾਕ ਤੋਂ। ਬੇਸਮੈਂਟ ਵਿੱਚ ਅਲੱਗ 2 ਹਿੱਸੇ ਬਣੇ ਹੋਏ ਹਨ। ਸਾਰੇ ਗ੍ਰੇਡ ਦੇ ਸਕੂਲਾਂ ਦੇ ਨੇੜੇ। Hwy 50 & Cottrelle Intersection. 45x92 ਫੁੱਟ ਦਾ ਪਲਾਟ। ਸਿਰਫ 6 ਸਾਲ ਨਵੇਂ ਘਰ ਨੂੰ ਦੇਖਣ ਲਈ ਅੱਜ ਹੀ ਕਾਲ ਕਰੋ।।



Jagraj Sekhon
Sales Representative

Dhanwant Gosal
Broker



Dir: 416-562-1176
www.jagrajsekhon.com

Century 21
People's Choice Realty Inc, Brokerage

Dir: 416-277-4153
www.gosalhomes.com

TOTAL HOME Windows & Doors

ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

## WINTER & SPRING SPECIAL SALE

- WINDOWS
- FIBERGLASS DOORS
- STEEL DOORS
- SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service



For 5 Stars Reviews Online & Testimonial visit:
https://thwindowsdoors.com/testimonials/

Phone: 416-661-6666 | Toll Free: 1-855-550-0610

7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

# Data everywhere. No surprise charges anywhere.

NEW

NATION-WIDE. NO ZONES.
TALK, TEXT & DATA PLANS
$35/MO.

chatr™ AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਕਰਨੀ ਚੋਣ ਸੀ, ਕੀਤੀ ਤਾਂ ਖਤਮ ਮੇਲਾ,
ਕਾਹਤੋਂ ਲੋਕ ਫਿਰ ਲੜੀ-ਲੜਾਈ ਜਾਂਦੇ।
ਮਰਿਆ ਕੋਈ ਤਾਂ ਹੋ ਗਿਆ ਕੋਈ ਫੱਟੜ,
ਸਮਾਚਾਰ ਕਿਉਂ ਇਹੋ ਜਿਹੇ ਆਈ ਜਾਂਦੇ।
ਅਫਸਰ ਪੁਲਸ ਦੇ ਨਹੀਂ ਕਾਨੂੰਨ ਪੜ੍ਹਦੇ,
ਮੁਕੱਦਮਾ ਪਹੁੰਚ ਨੂੰ ਵੇਖ ਬਣਾਈ ਜਾਂਦੇ।
ਦੋਵੀਂ ਪਾਸੀਂ ਦਲਾਲਾਂ ਦਾ ਭਾਅ ਵਧਿਆ,
ਕੁੰਡੀ ਲਾਉਂਦੇ ਆ, ਮਾਲ ਕਮਾਈ ਜਾਂਦੇ।
ਲੜੀ ਚੋਣ ਸੀ ਗੀ ਲੀਡਰ ਜਿਹੜਿਆਂ ਨੇ,
ਮਗਰ ਆਉਣ ਦਾ ਦੇਈ ਧਰਵਾਸ ਜਾਂਦੇ।
ਬੇਗਾਨੀ ਝਾਕ 'ਤੇ ਲੜੀ ਹਨ ਲੋਕ ਜਾਂਦੇ,
ਆਪਣੇ ਆਪ ਦਾ ਕਰੀ ਇਹ ਨਾਸ ਜਾਂਦੇ।

**ਤੀਸ ਮਾਰ ਖਾਂ**

# ਕੈਨੇਡਾ ਵਿੱਚ ਪੈਰ ਪਸਾਰ ਰਿਹਾ ਹੈ ਫੰਗਲ ਸੁਪਰਬੱਗ

## * ਦਵਾਈਆਂ ਦਾ ਨਹੀਂ ਹੁੰਦਾ ਕੋਈ ਅਸਰ *ਪਹਿਲਾਂ ਤੋਂ ਹੀ ਬਿਮਾਰ ਮਰੀਜ਼ਾਂ ਲਈ ਹੈ ਘਾਤਕ

ਓਟਵਾ, 21 ਮਈ (ਪੋਸਟ ਬਿਊਰੋ) : ਕੈਨੇਡਾ ਦੇ ਡਾਕਟਰਜ਼ ਨੂੰ ਇੱਕ ਫੰਗਲ ਸੁਪਰਬੱਗ ਬਾਰੇ ਚੇਤਾਵਨੀ ਮਿਲੀ ਹੈ ਜਿਸ ਉੱਤੇ ਕਈ ਦਵਾਈਆਂ ਦਾ ਕੋਈ ਅਸਰ ਨਹੀਂ ਹੁੰਦਾ ਤੇ ਜਿਹੜਾ ਬੜੀ ਤੇਜ਼ੀ ਨਾਲ ਫੈਲਦਾ ਹੈ। ਇਹ ਸੁਪਰਬੱਗ ਉਨ੍ਹਾਂ ਮਰੀਜ਼ਾਂ ਲਈ ਘਾਤਕ ਹੈ ਜਿਹੜੇ ਪਹਿਲਾਂ ਤੋਂ ਹੀ ਬਿਮਾਰ ਹਨ।

ਦਸ ਸਾਲ ਪਹਿਲਾਂ ਇਸ ਦੀ ਪਛਾਣ ਜਾਪਾਨ ਵਿੱਚ ਹੋਈ ਸੀ। ਫੰਗਸ ਕੈਂਡੀਡਾ ਆਰੀਸ ਜਾਂ ਸੀ.ਆਰੀਸ ਹੁਣ 17 ਦੇਸ਼ਾਂ ਵਿੱਚ ਮੌਜੂਦ ਹੈ ਤੇ ਕੈਨੇਡਾ ਵੀ ਇਨ੍ਹਾਂ ਵਿੱਚੋਂ ਇੱਕ ਦੇਸ਼ ਹੈ। ਇਸ ਨੂੰ ਪਬਲਿਕ ਹੈਲਥ ਲਈ ਖਤਰਾ ਵੀ ਦੱਸਿਆ ਗਿਆ ਹੈ ਕਿਉਂਕਿ ਇਹ ਚਮੜੀ ਦੇ ਕਿਸੇ ਦੂਜੇ ਦੇ ਸੰਪਰਕ ਵਿੱਚ ਆਉਣ ਨਾਲ ਤੇਜ਼ੀ ਨਾਲ ਫੈਲਦਾ ਹੈ। ਇਸ ਦੀ ਪਛਾਣ ਕਰਨੀ ਵੀ ਔਖੀ ਹੈ, ਇਸ ਉੱਤੇ ਬਹੁਤੀਆਂ ਐਂਟੀ ਫੰਗਲ ਦਵਾਈਆਂ ਦਾ ਵੀ ਕੋਈ ਅਸਰ ਨਹੀਂ ਹੁੰਦਾ। ਇਹ ਆਸਾਨੀ ਨਾਲ ਨਹੀਂ ਮਰਦਾ।



ਸਿਨਾਇ ਹੈਲਥ ਸਿਸਟਮ ਦੇ ਮੈਡੀਕਲ ਡਾਇਰੈਕਟਰ ਆਫ ਇਨਫੈਕਸ਼ਨ ਕੰਟਰੋਲ ਡਾ. ਐਲੀਸਨ ਮੈਗੀਅਰ ਨੇ ਦੱਸਿਆ ਕਿ ਪੰਜ ਸਾਲ ਪਹਿਲਾਂ ਕਿਸੇ ਨੇ ਇਸ ਦੀ ਕੋਈ ਬਹੁਤੀ ਪਰਵਾਹ ਨਹੀਂ ਸੀ ਕੀਤੀ ਕਿਉਂਕਿ ਸਾਨੂੰ ਲੱਗਿਆ ਕਿ ਇਹ ਬਹੁਤ ਹੀ ਸਾਧਾਰਨ ਹੈ ਤੇ ਸਾਡੇ ਕੋਲ ਇਸ ਦੇ ਇਲਾਜ ਲਈ ਥੋੜ੍ਹੀਆਂ ਜਿਹੀਆਂ ਦਵਾਈਆਂ ਸਨ ਜਿਨ੍ਹਾਂ ਨੂੰ ਅਸੀਂ ਕਾਫੀ ਮੰਨ ਰਹੇ ਸੀ। ਪਰ ਇਸ ਉੱਤੇ ਬਹੁਤੀਆਂ ਦਵਾਈਆਂ ਦਾ ਅਸਰ ਨਾ ਹੁੰਦਾ ਵੇਖ ਕੇ ਸਾਡੀ ਪਰੇਸ਼ਾਨੀ ਵਧੀ।

ਹੁਣ ਤੱਕ ਕੈਨੇਡਾ ਵਿਚ ਇਸ ਦੇ 19 ਮਾਮਲੇ ਸਾਹਮਣੇ ਆ ਚੁੱਕੇ ਹਨ, ਇੱਕ ਵਾਰੀ ਤਾਂ ਹਸਪਤਾਲ ਵਿੱਚ ਆਊਟਬ੍ਰੇਕ ਹੀ ਫੈਲ ਗਿਆ ਸੀ, ਤੇ ਇਸੇ ਲਈ ਸੀ.ਆਰੀਸ ਬਾਰੇ ਕੈਨੇਡੀਅਨ ਡਾਕਟਰਜ ਨੂੰ ਚੇਤਾਵਨੀ ਦਿੱਤੀ ਜਾ ਰਹੀ ਹੈ। ਸਰਹੱਦ ਦੇ ਦੱਖਣ ਵੱਲ, ਪਿਛਲੇ ਕੁੱਝ ਸਾਲਾਂ ਵਿੱਚ ਹੀ ਇਸ ਦੇ 640 ਮਾਮਲੇ ਸਾਹਮਣੇ ਆ ਚੁੱਕੇ ਹਨ। ਯੂਐਸ ਸੈਂਟਰਜ ਫੌਰ ਡਜੀਜ ਕੰਟਰੋਲ (ਸੀਡੀਸੀ) ਵੱਲੋਂ ਇਸ ਨੂੰ ਗੰਭੀਰ ਗਲੋਬਲ ਥਰੈੱਟ ਦੱਸਿਆ ਜਾ ਰਿਹਾ ਹੈ।

## ਪ੍ਰਕਾਸ਼ ਸਿੰਘ ਬਾਦਲ ਵੱਲੋਂ ਮੋਦੀ ਦਾ ਸਨਮਾਨ

ਨਵੀਂ ਦਿੱਲੀ, 21 ਮਈ (ਪੋਸਟ ਬਿਊਰੋ): ਲੋਕ ਸਭਾ ਚੋਣਾਂ ਦੇ ਐਗਜ਼ਿਟ ਪੋਲ ਦੇ ਨਤੀਜਿਆਂ 'ਚ ਬੜ੍ਹਤ ਹਾਸਿਲ ਕਰਨ ਕਾਰਨ ਬੀਜੇਪੀ 'ਚ ਖੁਸ਼ੀ ਦਾ ਮਾਹੌਲ ਹੈ।

ਲੋਕ ਸਭਾ ਚੋਣਾਂ ਦੇ ਐਗਜ਼ਿਟ ਪੋਲ ਦੀ ਖੁਸ਼ੀ 'ਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਐਨਡੀਏ ਦੇ ਉੱਚ ਆਗੂਆਂ ਨੂੰ ਰਾਤ ਦੇ ਖਾਣੇ ਉਤੇ ਸੱਦਾ ਦਿੱਤਾ ਸੀ। ਜਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਿਤ ਸ਼ਾਹ, ਬਿਹਾਰ ਦੇ ਮੁੱਖ ਮੰਤਰੀ ਅਤੇ ਜਨਤਾ ਦਲ ਯੂ ਪ੍ਰਧਾਨ ਨੀਤੀਸ਼ ਕੁਮਾਰ, ਰਾਜਨਾਥ ਸਿੰਘ , ਤਮਿਲਨਾਡੂ ਦੇ ਮੁੱਖ ਮੰਤਰੀ ਦੇ ਪਲਾਨੀਸਾਮੀ ਅਤੇ ਲੋਜਪਾ ਪ੍ਰਮੁੱਖ ਰਾਮ ਵਿਲਾਸ ਪਾਸਵਾਨ, ਉੱਧਵ ਠਾਕਰੇ ,ਨਿਤੀਸ਼ ਕੁਮਾਰ ਸਮੇਤ ਹੋਰ ਐੱਨ.ਡੀ.ਏ ਦੇ ਹੋਰ ਸਹਿਯੋਗੀ ਆਗੂ ਵੀ ਦਿੱਲੀ ਦੇ ਅਸ਼ੋਕਾ ਹੋਟਲ ਪਹੁੰਚੇ ਹਨ।

ਇਸ ਦੌਰਾਨ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ,ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਵੀ ਦਿੱਲੀ ਪਹੁੰਚੇ ਹਨ ਅਤੇ ਇਸ ਦੌਰਾਨ ਹੀ ਐਗਜ਼ਿਟ ਪੋਲ 'ਚ ਬੜ੍ਹਤ ਹਾਸਿਲ ਕਰਨ ਕਾਰਨ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਨਮਾਨ ਕੀਤਾ ਗਿਆ।

## ਮਲਟੀਕਲਚਰ ਮੇਲਾ 29 ਤੇ 30 ਜੂਨ ਨੂੰ

ਬਰੈਂਪਟਨ ਸੀਨੀਅਰਜ਼ ਸਿਟੀਜਨਜ਼ ਕੌਂਸਲ ਸਿਟੀ ਦੀਆਂ ਸਾਰੀਆਂ ਸੀਨੀਅਰਜ਼ ਕਲੱਬਾਂ ਦੀ ਨੁਮਾਇੰਦਗੀ ਕਰਦੀ ਹੈ। ਇਸ ਕੌਂਸਲ ਵੱਲੋਂ ਬਰੈਂਪਟਨ ਯੰਗ ਐਟ ਹਰਟ ਸੀਨੀਅਰਜ਼ ਸੰਸਥਾ ਨਾਲ ਮਿਲਕੇ 29 ਅਤੇ 30 ਜੂਨ ਨੂੰ ਫਲਵਰ ਸਿਟੀ ਸਥਾਨ (8870 ਮਕਲੌਗਲਿਨ ਰੋਡ ਬਰੈਂਪਟਨ) ਵਿਖੇ ਮਲਟੀਕਲਚਰ ਮੇਲਾ ਕਰਵਾਇਆ ਜਾ ਰਿਹਾ ਹੈ। ਇਸ ਵਿਚ ਵੱਖ-ਵੱਖ ਕੌਮਾਂ ਦੇ ਸੀਨੀਅਰਜ਼ ਹਿੱਸਾ ਲੈਣਗੇ ਅਤੇ ਵੱਖ ਸੰਗੀਤ, ਨਾਚ, ਸਕਿਲਜ਼ ਤੇ ਵਿਦਿਅਕ ਸਪੀਚ ਆਦਿ ਹੋਣਗੇ। ਪਹਿਲੇ ਦਿਨ ਸਵੇਰੇ 11 ਵਜੇ ਤੋਂ 7 ਵਜੇ ਤੱਕ 30 ਜੂਨ ਨੂੰ ਦੁਪਹਿਰ 12 ਵਜੇ ਤੋਂ ਸ਼ਾਮ 5 ਵਜੇ ਤੱਕ ਇਹ ਪ੍ਰੋਗਰਾਮ ਹੋਵੇਗਾ। ਇਸ ਦਿਨ ਬਾਰ ਬੀ ਕਿਊ ਦਾ ਪ੍ਰਬੰਧ ਵੀ ਹੋਵੇਗਾ। ਐਂਟਰੀ ਮੁਫ਼ਤ ਹੋਵੇਗੀ। ਇਸ ਪ੍ਰੋਗਰਾਮ ਲਈ ਰਜਿਸਟ੍ਰੇਸ਼ਨ 12 ਜੂਨ ਤੱਕ ਕਰਵਾਉਣੀ ਹੋਵੇਗੀ। ਇਸ ਸੰਬੰਧੀ ਅਮਰੀਕ ਸਿੰਘ ਨੂੰ 647 998 7253 ਤੇ 905 796 1268 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਆਸਟਰੇਲੀਆ ਫੈਡਰਲ ਚੋਣਾਂ ਵਿੱਚ ਸਕੌਟ ਮੌਰੀਸਨ ਦੀ ਅਗਵਾਈ ਵਿੱਚ ਲਿਬਰਲ ਪਾਰਟੀ ਜੇਤੂ

ਐਡੀਲੇਡ, 21 ਮਈ (ਪੋਸਟ ਬਿਊਰੋ)- ਆਸਟਰੇਲੀਆ ਦੀ ਸੰਸਦ ਲਈ ਪਈਆਂ ਵੋਟਾਂ ਵਿੱਚ ਨਤੀਜਿਆਂ 'ਚ ਸੱਤਾਧਾਰੀ ਲਿਬਰਲ ਪਾਰਟੀ ਦੀ ਧਿਰ ਨੇ ਪ੍ਰਧਾਨ ਸਕੌਟ ਮੋਰੀਸਨ ਦੀ ਅਗਵਾਈ ਵਿੱਚ 75 ਸੀਟਾਂ ਤੇ ਸ਼ਾਨਦਾਰ ਜਿੱਤ ਦਰਜ ਕਰ ਕੇ ਅਗਲੀ ਸਰਕਾਰ ਬਣਾਉਣ ਲਈ ਦਾਅਵਾ ਪੇਸ਼ ਕੀਤਾ ਹੈ। ਲਿਬਰਲ ਪਾਰਟੀ ਨੂੰ ਚੋਣਾਂ ਵਿੱਚ 74 ਸੀਟਾਂ ਦੀ ਜਿੱਤ, ਲੇਬਰ ਪਾਰਟੀ ਨੂੰ 65 ਸੀਟਾਂ 'ਤੇ ਅਤੇ ਇੱਕ ਸੀਟ ਉਤੇ ਗਰੀਨ ਪਾਰਟੀ ਅਤੇ ਆਜ਼ਾਦ ਅਤੇ ਹੋਰ ਪੰਜ ਸੀਟਾਂ ਉੱਤੇ ਜੇਤੂ ਰਹੇ। ਲਿਬਰਲ ਸਰਕਾਰ ਨੂੰ ਕੁੱਲ 76 ਸੀਟਾਂ ਸਰਕਾਰ ਬਣਾਉਣ ਲਈ ਲੋੜੀਂਦੀਆਂ ਹਨ, ਪੰਜ ਸੀਟਾਂ ਦੇ ਅਜੇ ਨਤੀਜੇ ਆਉਣੇ ਬਾਕੀ ਹਨ। ਲਿਬਰਲ ਪਾਰਟੀ ਦੇ ਉਮੀਦਵਾਰ ਤੇ ਸਾਬਕਾ ਪ੍ਰਧਾਨ ਮੰਤਰੀ ਟੋਨੀ ਐਬਟ ਇਸ ਵਾਰ ਚੋਣਾਂ 'ਚ ਹਾਰ ਗਏ। ਵਿਰੋਧੀ ਧਿਰ ਲੇਬਰ ਪਾਰਟੀ ਆਗੂ ਬਿਲ ਸੌਰਟਨ ਨੇ ਪਾਰਟੀ ਦੀ ਹਾਰ ਵੇਖ ਕੇ ਪਾਰਟੀ ਲੀਡਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਅਤੇ ਲਿਬਰਲ ਪਾਰਟੀ ਦੇ ਆਗੂ ਨੂੰ ਸਰਕਾਰ ਬਣਾਉਣ ਲਈ ਸੱਦਾ ਦਿੱਤਾ ਅਤੇ ਸਕੌਟ ਮੋਰੀਸਨ ਨੂੰ ਜਿੱਤ ਲਈ ਵਧਾਈ ਦਿੱਤੀ ਹੈ। ਆਸਟਰੇਲੀਆ ਦੇ ਪ੍ਰਧਾਨ ਮੰਤਰੀ ਸਕੌਟ ਮੋਰੀਸਨ ਨੇ ਆਸਟਰੇਲੀਆ ਵੋਟਰਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਵਾਗਡੋਰ ਲਿਬਰਲ ਪਾਰਟੀ ਨੂੰ ਸੌਂਪੀ ਹੈ, ਉਨ੍ਹਾਂ ਨੇ ਵੋਟਰਾਂ ਵੱਲੋਂ ਮਿਲੇ ਫਤਵੇ ਤੇ ਭਰੋਸੇ ਦਾ ਸਵਾਗਤ ਕੀਤਾ।

# ਅੱਧੇ ਤੋਂ ਵੱਧ ਓਨਟਾਰੀਓ ਵਾਸੀਆਂ ਦਾ ਮੰਨਣਾ ਹੈ ਕਿ ਗਲਤ ਰਾਹ ਉੱਤੇ ਤੁਰ ਰਹੀ ਹੈ ਫੋਰਡ ਸਰਕਾਰ

ਓਨਟਾਰੀਓ, 21 ਮਈ (ਪੋਸਟ ਬਿਊਰੋ) : ਇੱਕ ਨਵੇਂ ਸਰਵੇਖਣ ਤੋਂ ਇਹ ਸਾਹਮਣੇ ਆਇਆ ਹੈ ਕਿ ਚਾਰਾਂ ਵਿੱਚੋਂ ਤਿੰਨ ਓਨਟਾਰੀਓ ਵਾਸੀਆਂ ਦਾ ਮੰਨਣਾ ਹੈ ਕਿ ਪ੍ਰੀਮੀਅਰ ਡੱਗ ਫੋਰਡ ਦੀ ਅਗਵਾਈ ਵਾਲੀ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਗਲਤ ਟਰੈਕ ਉੱਤੇ ਚੱਲ ਰਹੀ ਹੈ। ਓਨਟਾਰੀਓ ਵਾਸੀਆਂ ਵਿੱਚੋਂ ਬਹੁਤਿਆਂ ਦਾ ਮੰਨਣਾ ਹੈ ਕਿ ਪਬਲਿਕ ਹੈਲਥ ਲਈ ਰਾਖਵੇਂ ਬਜਟ ਵਿੱਚ ਕਟੌਤੀਆਂ ਕਰਕੇ ਸਰਕਾਰ ਠੀਕ ਨਹੀਂ ਕਰ ਰਹੀ।

ਐਨਵਾਇਰੋਨਿਕਸ ਰਿਸਰਚ ਸਰਵੇਖਣ ਵਿੱਚ ਪਾਇਆ ਗਿਆ ਕਿ ਇਸ ਵਿੱਚ ਹਿੱਸਾ ਲੈਣ ਵਾਲੇ 75 ਫੀ ਸਦੀ ਓਨਟਾਰੀਓ ਵਾਸੀ ਇਹ ਮੰਨਦੇ ਹਨ ਕਿ ਪੀਸੀ ਸਰਕਾਰ ਗਲਤ ਟਰੈਕ ਉੱਤੇ ਹੈ, 24 ਫੀ ਸਦੀ ਦਾ ਕਹਿਣਾ ਹੈ ਕਿ ਟੋਰੀਜ਼ ਸਹੀ ਟਰੈਕ ਉੱਤੇ ਹਨ ਤੇ 2 ਫੀ ਸਦੀ ਨੂੰ ਇਸ ਬਾਰੇ ਪੱਕੇ ਤੌਰ ਉੱਤੇ ਨਹੀਂ ਪਤਾ ਕਿ ਟੋਰੀਜ਼ ਸਹੀ ਕਰ ਰਹੇ ਹਨ ਜਾਂ ਗਲਤ। ਐਨਵਾਇਰੋਨਿਕਸ ਦੇ ਵਾਈਸ ਪ੍ਰੈਜ਼ੀਡੈਂਟ ਡੈਰੇਕ ਲੀਬੌਸ਼ ਨੇ ਸੋਮਵਾਰ ਨੂੰ ਆਖਿਆ ਕਿ ਵਿੰਨ ਸਰਕਾਰ ਨੂੰ ਗਲਤ ਰਸਤੇ ਉੱਤੇ ਤੁਰਨ ਲਈ ਤਾਂ ਕੁੱਝ ਸਾਲ ਦਾ ਸਮਾਂ ਲੱਗਿਆ ਸੀ ਤੇ ਉਹ ਵੀ ਸੱਤਾ ਉੱਤੇ ਕਾਬਜ ਰਹਿਣ ਦੇ 15 ਸਾਲ ਬਾਅਦ।

ਇਸ ਤੋਂ ਪਹਿਲਾਂ ਪੋਲਾਰਾ ਸਟਰੈਟੇਜਿਕ ਇਨਸਾਈਟਸ ਤੇ ਕੌਰਬੈਟ ਕਮਿਊਨਿਕੇਸ਼ਨਜ਼ ਦੀਆਂ ਲੱਭਤਾਂ ਦੇ ਨਾਲ ਹੀ ਇਹ ਸਰਵੇਖਣ ਵੀ ਮੇਲ ਖਾਂਦਾ ਹੈ। ਇਨ੍ਹਾਂ ਸਾਰੇ ਸਰਵੇਖਣਾਂ ਤੋਂ ਇਹੋ ਪਤਾ ਲੱਗਿਆ ਹੈ ਕਿ ਫੋਰਡ ਸਰਕਾਰ ਦੀਆਂ ਬਜਟ ਕਟੌਤੀਆਂ ਨੂੰ ਓਨਟਾਰੀਓ ਵਾਸੀ ਚੰਗਾ ਨਹੀਂ ਮੰਨ ਰਹੇ। ਜ਼ਿਕਰਯੋਗ ਹੈ ਕਿ ਪਿਛਲੀਆਂ ਚੋਣਾਂ ਵਿੱਚ ਕੰਜ਼ਰਵੇਟਿਵਾਂ ਨੂੰ ਵੋਟ ਕਰਨ ਵਾਲਿਆਂ ਵਿੱਚੋਂ ਵੀ 37 ਫੀ ਸਦੀ ਦਾ ਕਹਿਣਾ ਹੈ ਕਿ ਫੋਰਡ ਸਰਕਾਰ ਗਲਤ ਰਾਹ ਉੱਤੇ ਹੈ ਤੇ 61 ਫੀ ਸਦੀ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਸਰਕਾਰ ਸਹੀ ਰਾਹ ਉੱਤੇ ਹੈ ਜਦਕਿ 2 ਫੀ ਸਦੀ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ।



ਇਸੇ ਤਰ੍ਹਾਂ ਓਨਟਾਰੀਓ ਦੀਆਂ 35 ਪਬਲਿਕ ਹੈਲਥ ਯੂਨਿਟਸ ਵਿੱਚ ਕਟੌਤੀ ਕਰਕੇ ਉਨ੍ਹਾਂ ਨੂੰ ਦਸ ਕਰਨ ਦੇ ਫੈਸਲੇ ਤੇ ਖਰਚਿਆਂ ਵਿੱਚ 200 ਮਿਲੀਅਨ ਡਾਲਰ ਦੀ ਕਟੌਤੀ ਵਿਵਾਦਗ੍ਰਸਤ ਮੁੱਦਾ ਹੈ। ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 80 ਫੀ ਸਦੀ ਨੇ ਇਹ ਮੰਨਿਆ ਕਿ ਇਹ ਯੂਨਿਟਸ ਓਨਟਾਰੀਓ ਲਈ ਬਹੁਤ ਮਾਇਨੇ ਰੱਖਦੀਆਂ ਸਨ ਤੇ 14 ਫੀ ਸਦੀ ਦਾ ਕਹਿਣਾ ਹੈ ਕਿ ਇਹ ਕੁੱਝ ਹੱਦ ਤੱਕ ਜ਼ਰੂਰੀ ਸਨ ਜਦਕਿ 5 ਫੀ ਸਦੀ ਦੀ ਇਸ ਬਾਰੇ ਕੋਈ ਠੋਸ ਰਾਇ ਨਹੀਂ ਸੀ।

ਕੰਜ਼ਰਵੇਟਿਵ ਵੋਟਰਾਂ ਵਿੱਚੋਂ 60 ਫੀ ਸਦੀ ਨੇ ਆਖਿਆ ਕਿ ਪਬਲਿਕ ਹੈਲਥ ਏਜੰਸੀਆਂ ਬਹੁਤ ਮਾਇਨੇ ਰੱਖਦੀਆਂ ਹਨ ਤੇ 27 ਫੀ ਸਦੀ ਦਾ ਕਹਿਣਾ ਸੀ ਕਿ ਇਹ ਕੁੱਝ ਹੱਦ ਤੱਕ ਅਹਿਮ ਹਨ ਤੇ 12 ਫੀ ਸਦੀ ਨੇ ਇਸ ਬਾਰੇ ਕੋਈ ਰਾਇ ਨਹੀਂ ਪ੍ਰਗਟਾਈ। 11 ਅਪਰੈਲ ਨੂੰ ਇਨ੍ਹਾਂ ਕਟੌਤੀਆਂ ਬਾਰੇ ਹੋਏ ਐਲਾਨ ਤੋਂ ਬਾਅਦ 83 ਫੀ ਸਦੀ ਨੇ ਇਨ੍ਹਾਂ ਕਟੌਤੀਆਂ ਦਾ ਵਿਰੋਧ ਕੀਤਾ ਤੇ 16 ਫੀ ਸਦੀ ਨੇ ਇਨ੍ਹਾਂ ਦਾ ਪੱਖ ਪੂਰਿਆ। ਟੋਰੀ ਵੋਟਰਾਂ ਵਿੱਚੋਂ 56 ਫੀ ਸਦੀ ਨੇ ਇਨ੍ਹਾਂ ਦਾ ਵਿਰੋਧ ਕੀਤਾ ਜਦਕਿ 43 ਫੀ ਸਦੀ ਨੇ ਇਨ੍ਹਾਂ ਦੀ ਹਮਾਇਤ ਕੀਤੀ।

69 ਫੀ ਸਦੀ ਦਾ ਕਹਿਣਾ ਹੈ ਕਿ ਇਨ੍ਹਾਂ ਕਟੌਤੀਆਂ ਕਾਰਨ ਉਹ ਅਗਲੀਆਂ ਚੋਣਾਂ ਵਿੱਚ ਸ਼ਾਇਦ ਹੀ ਕੰਜ਼ਰਵੇਟਿਵਾਂ ਨੂੰ ਵੋਟ ਪਾਉਣ। ਅਗਲੀਆਂ ਚੋਣਾਂ 2022 ਵਿੱਚ ਹੋਣੀਆਂ ਹਨ। 20 ਫੀ ਸਦੀ ਨੇ ਆਖਿਆ ਕਿ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਤੇ 9 ਫੀ ਸਦੀ ਨੇ ਆਖਿਆ ਕਿ ਇਸ ਕਾਰਨ ਉਹ ਪੀਸੀ ਨੂੰ ਹੀ ਵੋਟ ਪਾਉਣਗੇ।

# ਸਿੱਧੂ ਜੋੜੀ ਬਨਾਮ ਕੈਪਟਨ ਅਮਰਿੰਦਰ ਵਾਲਾ ਕੇਸ ਕਾਂਗਰਸ ਹਾਈ ਕਮਾਨ ਕੋਲ ਜਾ ਪੁੱਜਾ

ਚੰਡੀਗੜ੍ਹ, 21 ਮਈ, (ਪੋਸਟ ਬਿਊਰੋ)- ਪੰਜਾਬ ਦੇ ਲੋਕਲ ਬਾਡੀਜ਼ ਮੰਤਰੀ, ਨਵਜੋਤ ਸਿੰਘ ਸਿੱਧੂ ਅਤੇ ਉਨ੍ਹਾਂ ਦੀ ਪਤਨੀ ਡਾ. ਨਵਜੋਤ ਕੌਰ ਵਲੋਂ ਪਿਛਲੇ ਦਿਨੀਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਵਿਰੁੱਧ ਕੀਤੀ ਬਿਆਨਬਾਜ਼ੀ ਦਾ ਕੇਸ ਕਾਂਗਰਸ ਹਾਈਕਮਾਨ ਚਲਾ ਗਿਆ ਹੈ। ਪਤਾ ਲੱਗਾ ਹੈ ਕਿ ਕਾਂਗਰਸ ਦੀ ਪੰਜਾਬ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਨੇ ਨਵਜੋਤ ਸਿੰਘ ਸਿੱਧੂ ਅਤੇ ਉਨ੍ਹਾਂ ਦੀ ਪਤਨੀ ਨਵਜੋਤ ਕੌਰ ਸਿੱਧੂ ਵਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਦਿਤੇਬਿਆਨਾਂ ਦੀ ਵੀਡੀਓ ਰੀਕਾਰਡਿੰਗਜ਼ ਸਮੇਤ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਸ਼ਿਕਾਇਤ ਭੇਜੀ ਹੈ।



ਵਰਨਣ ਯੋਗ ਹੈ ਕਿ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਨੇ ਟੀ ਵੀ ਚੈਨਲਾਂ ਨਾਲ ਗਲਬਾਤ ਦੌਰਾਨ ਦੋਸ਼ ਲਾਇਆ ਸੀ ਕਿ ਲੋਕ ਸਭਾ ਚੋਣ ਲੜਨਲਈਉਨ੍ਹਾਂ ਦੀ ਟਿਕਟ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਪੰਜਾਬ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਨੇ ਰੁਕਵਾਈ ਹੈ। ਇਸਦੇ ਬਾਅਦ ਪੰਜਾਬ ਵਿਚ ਵੋਟਾਂ ਪੈਣ ਤੋਂਸਿਰਫ ਇਕ ਦਿਨ ਪਹਿਲਾਂ ਬਠਿੰਡਾ ਹਲਕੇ ਦੀ ਇਕ ਰੈਲੀ ਵਿੱਚ ਬੋਲਦਿਆਂ ਨਵਜੋਤ ਸਿੰਘ ਸਿੱਧੂ ਨੇ ਕਿਸੇ ਦਾ ਨਾਮ ਲੈਣ ਤੋਂ ਬਿਨਾਂ ਕੈਪਟਨ ਅਮਰਿੰਦਰ ਸਿੰਘ ਉੱਤੇ ਚੋਣਾਂ ਵਿਚ ਅਕਾਲੀਆਂ ਨਾਲ ਦੋਸਤਾਨਾ ਮੈਚ ਖੇਡਣ ਦੇ ਦੋਸ਼ ਲਾਏ ਸਨ ਅਤੇ ਦੋਸਤਾਨਾ ਮੈਚ ਖੇਡਣ ਵਾਲਿਆਂ ਨੂੰ ਸਬਕ ਸਿਖਾਉਣ ਲਈ ਲੋਕਾਂ ਨੂੰ ਸੱਦਾ ਤੱਕ ਦੇ ਦਿੱਤਾ ਸੀ। ਚੰਡੀਗੜ੍ਹ ਦੇ ਸੂਤਰਾਂ ਦਾ ਕਹਿਣਾ ਹੈ ਕਿ ਆਸ਼ਾ ਕੁਮਾਰੀ ਵੱਲੋਂ ਪਿਛਲੇ ਇਕ ਮਹੀਨੇ ਤੋਂ ਨਵਜੋਤ ਸਿੰਘ ਸਿੱਧੂ ਅਤੇ ਡਾ. ਨਵਜੋਤ ਕੌਰ ਵਲੋਂ ਟੀ ਵੀ ਚੈਨਲਾਂ ਉੱਪਰ ਦਿਤੇ ਜਾ ਰਹੇ ਬਿਆਨਾਂ ਦੀਆਂ ਵੀਡੀਉ ਕਾਪੀਆਂ ਜੋੜ ਕੇ ਹਾਈ ਕਮਾਨ ਨੂੰ ਭੇਜੀਆਂ ਜਾ ਰਹੀਆਂ ਸਨ। ਦੂਸਰੇ ਪਾਸੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਨਵਜੋਤ ਸਿੰਘ ਸਿੱਧੂ ਵਲੋਂ ਦਿਤੇ ਬਿਆਨਾਂ ਦਾ ਉਨ੍ਹਾਂ ਨੂੰ ਕੋਈ ਰੋਸਨਹੀਂ, ਪਰ ਵੋਟਾਂ ਪੈਣ ਤੋਂ ਇਕ ਦਿਨ ਪਹਿਲਾਂ ਜਿਸ ਤਰ੍ਹਾਂ ਦੀ ਬਿਆਨਬਾਜ਼ੀ ਉਨ੍ਹਾਂ ਨੇ ਕੀਤੀ ਸੀ, ਉਸ ਨਾਲ ਪਾਰਟੀ ਨੂੰ ਚੋਣਾਂ ਵਿਚ ਨੁਕਸਾਨ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਡਾ. ਨਵਜੋਤ ਕੌਰ ਨੂੰ ਅੰਮ੍ਰਿਤਸਰ ਤੇ ਬਠਿੰਡਾ ਤੋਂ ਟਿਕਟ ਦੀ ਪੇਸ਼ਕਸ਼ ਕੀਤੀ ਸੀ, ਪਰ ਉਨ੍ਹਾਂ ਖੁਦ ਠੁਕਰਾ ਦਿਤੀ ਤੇ ਦੂਸਰੀ ਗੱਲ ਇਹ ਕਿ ਨਵਜੋਤ ਸਿੰਘ ਸਿੱਧੂ ਜੋ ਕਹਿਣਾ ਚਾਹੁੰਦੇ ਸਨ, ਉਨ੍ਹਾਂ ਨੂੰ ਹਾਈਕਮਾਨ ਕੋਲ ਜਾ ਕੇ ਕਹਿਣਾ ਚਾਹੀਦਾ ਸੀ।

ਇਸ ਦੌਰਾਨ ਆਮ ਆਦਮੀ ਪਾਰਟੀ ਛੱਡਣ ਪਿੱਛੋਂ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਖੜਾ ਕਰ ਚੁੱਕੇ ਸੁਖਪਾਲ ਸਿੰਘ ਖਹਿਰਾ ਅੱਜ ਖੁੱਲ੍ਹ ਕੇ ਨਵਜੋਤ ਸਿੰਘ ਸਿੱਧੂ ਦੇ ਹੱਕ ਵਿੱਚ ਆ ਗਏ ਅਤੇ ਸਿੱਧੂ ਨੂੰ ਆਪਣੇ ਨਾਲ ਆਣ ਮਿਲਣ ਦਾ ਸੱਦਾ ਦੇ ਕੇ ਕਿਹਾ ਕਿ ਸਿੱਧੂ ਸੱਚ ਬੋਲਦੇ ਹਨ ਤੇ ਇਹ ਸਵਾਗਤ ਯੋਗ ਹੈ, ਪੀਡੀਏ ਦਾ ਦਰਵਾਜ਼ਾ ਉਨ੍ਹਾਂ ਲਈ ਖੁੱਲ੍ਹਾ ਹੈ।ਅੱਜ ਏਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨਖਹਿਰਾ ਨੇਕਿਹਾ ਕਿ ਸਿੱਧੂ ਇਮਾਨਦਾਰ ਆਗੂ ਹਨ, ਉਨ੍ਹਾ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਮਿਲੀਭੁਗਤ ਬਾਰੇਸਹੀ ਗੱਲ ਹੀ ਕਹੀ ਹੈ। ਖਹਿਰਾ ਨੇ ਕਿਹਾ ਕਿ ਸਿੱਧੂ ਨੇ ਬਾਦਲ ਅਤੇ ਕੈਪਟਨ ਦੀ ਅੰਦਰੂਨੀ ਸਾਂਝ ਤੋੜਨੀ ਹੈ ਤਾਂ ਪੀਡੀ ਏ ਵਿੱਚ ਆ ਜਾਣ।ਉਨ੍ਹਾਂ ਕਿਹਾ ਕਿ ਕੋਈ ਨੰਬਰਦਾਰੀ ਨਹੀਂ ਛੱਡਦਾ, ਪਰ ਸਿੱਧੂ ਮੰਤਰੀ ਦਾ ਅਹੁਦਾ ਛੱਡਣ ਨੂੰ ਤਿਆਰ ਹਨ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047





PROPERTIES FOR SALE





5018 Eighth Line (Erin/Georgetown)
Country lot. Detached Bungalow.
Close to town. Finished basement.
Separate entrance Outbuildings.
3 + 1 bedroom 2 bathrooms





47 Eldomar, Brampton
Detached home. Good area
Walking distance to everything
Finished Basement.Separate entrance
3 bedrooms 2 bathrooms.
Good Parking.





Angela MEYER
Sales Representative
Ipro Realty Ltd. Brokerage
905-691-0672
www.angelameyer.ca
RealEstateToAsk4@gmail.com



ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Air Brake Classes
Sat-Sun 8am to 4pm
Counterbalance





Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2



ShérGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact:
416.910.5676
www.shergilllawfirm.ca
2565 Steeles Ave E Unit #20,
Brampton, ON L6T 4L6





LIVER CIRRHOSIS, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਸ਼ਰਾਬ ਛਡੱਣ ਦਾ ਸੋਖਾ ਤੇ ਸ਼ਰਤੀਆ ਇਲਾਜ਼
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
Heart Problems, Arteries blockage, ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ। ਜੇਕਰ ਤੁਸੀਂ stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਕਿਡਨੀ ਦੀ ਪਥਰੀ ਤੇ ਪਿਤੇ ਦੀ ਪਥਰੀ 7 ਤੋਂ 15 ਦਿਨਾਂ ਵਿੱਚ ਖਤਮ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, 13 ਤੋਂ 19 ਸਾਲ ਦੇ ਬਚਿਆਂ ਦਾ ਸੁਭਆ ਵਿੱਚ ਤਬਦੀਲੀ ਤੇ ਪੜ੍ਹਾਈ ਵਿੱਚ ਮੰਨ ਨਾ ਲਗਣਾ ਤੇ ਮਾਂ-ਬਾਪ ਨਾਲ ਚੰਗੀ ਤਰ੍ਹਾਂ ਗੱਲ ਨਾ ਕਰਣਾ ਤੇ ਖਾਣਾ ਪੀਣਾ ਬੰਦ ਕਰ ਦੇਣ ਦੇ ਪੱਕੇ ਇਲਾਜ ਲਈ ਸੰਪਰਕ ਕਰੋ।
ਲੇਡੀਜ਼ ਨੂੰ ਮਾਈਗਰੇਨ, ਸਿਰ ਦਰਦ ਤੇ ਜਿੱਦੀ ਛਾਈਆਂ ਵਰਗੀ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ ਤੇ ਆਪਣੇ ਚਿਹਰੇ ਦੀ ਖੁਬਸੂਰਤੀ ਨੂੰ ਵਧਾਓ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ, ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
100% Natural Cure | No Side Effect | ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

# ਚੰਦਰਬਾਬੂ ਨਾਇਡੂ ਸਮੇਤ 22 ਵਿਰੋਧੀ ਪਾਰਟੀਆਂ ਦੇ ਲੀਡਰ ਚੋਣ ਕਮਿਸ਼ਨ ਕੋਲ ਪਹੁੰਚੇ

### * ਵੋਟਿੰਗ ਮਸ਼ੀਨਾਂ ਬਾਰੇ ਸਾਂਝੀ ਸ਼ਿਕਾਇਤ ਪੇਸ਼



ਨਵੀਂ ਦਿੱਲੀ, 21 ਮਈ, (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂ ਦੌਰਾਨ ਵੋਟਿੰਗ ਮਸ਼ੀਨਾਂ ਬਾਰੇ ਕਈ ਤਰ੍ਹਾਂ ਦੇ ਸੰਸਿਆਂ ਦੀ ਸ਼ਿਕਾਇਤ ਕਰਨ ਲਈ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਅਤੇ ਤੇਲਗੂ ਦੇਸਮ ਪਾਰਟੀ ਦੇ ਮੁਖੀ ਐੱਨ. ਚੰਦਰਬਾਬੂ ਨਾਇਡੂ ਨੇ ਅੱਜ 22 ਵਿਰੋਧੀ ਪਾਰਟੀਆਂ ਦੇ ਆਗੂਆਂ ਨਾਲ ਜਾ ਕੇ ਚੋਣ ਕਮਿਸ਼ਨ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਇਨ੍ਹਾਂ ਆਗੂਆਂ ਨੇ ਮੰਗ ਕੀਤੀ ਕਿ ਕਿਸੇ ਪੋਲਿੰਗ ਬੂਥ ਵਿੱਚ ਨੁਕਸ ਦੀ ਸਥਿਤੀ ਵਿੱਚ ਪੂਰੇ ਅਸੈਂਬਲੀ ਹਲਕੇ ਵਿੱਚਵੋਟਿੰਗ ਮਸ਼ੀਨਾਂ (ਈਵੀ ਐੱਮ)ਦਾ ਵੀਵੀ ਪੈਟ ਪਰਚੀਆਂ ਨਾਲ ਮਿਲਾਣ ਹੋਣਾ ਚਾਹੀਦਾ ਹੈ। ਪ੍ਰਤੀਨਿਧ ਮੰਡਲ ਵਿੱਚ ਕਾਂਗਰਸ, ਐੱਨ ਸੀ ਪੀ, ਬਹੁਜਨ ਸਮਾਜ ਪਾਰਟੀ, ਸੀਪੀਆਈ, ਸੀਪੀ ਐੱਮ ਅਤੇ ਤ੍ਰਿਣਮੂਲ ਕਾਂਗਰਸ ਦੇ ਆਗੂਸ਼ਾਮਲ ਸਨ।

ਵਰਨਣ ਯੋਗ ਹੈ ਕਿ ਲੋਕ ਸਭਾ ਚੋਣਾਂ ਲਈ ਵੋਟਾਂ ਦੀ ਗਿਣਤੀ ਤੋਂ ਦੋ ਦਿਨ ਪਹਿਲਾਂ ਸਾਰੇ ਪ੍ਰਮੁੱਖ ਵਿਰੋਧੀ ਆਗੂਆਂ ਨੇ ਅੱਜ ਰਾਜਧਾਨੀ ਦਿੱਲੀ ਵਿੱਚ ਬੈਠਕ ਕੀਤੀ ਅਤੇਗਿਣਤੀਤੋਂ ਬਾਅਦ ਗ਼ੈਰ-ਐੱਨ ਡੀਏ ਸਰਕਾਰ ਦੀਆਂ ਸੰਭਾਵਨਾਵਾਂ ਦੇ ਬਾਰੇ ਵਿਚਾਰ ਵਟਾਂਦਰਾ ਕੀਤਾ ਹੈ।ਇਸੇ ਮੀਟਿੰਗ ਵਿੱਚ ਵੋਟਿੰਗ ਮਸ਼ੀਨਾਂ ਬਾਰੇ ਚਰਚਾ ਦੇ ਬਾਅਦ ਸਾਂਝੀ ਸ਼ਿਕਾਇਤ ਕੀਤੀ ਗਈ ਹੈ। ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਈਵੀ ਐੱਮ ਵਿੱਚ ਗੜਬੜ ਬਾਰੇ ਕਈ ਦਿਨਾਂ ਤੋਂ ਚੋਣ ਕਮਿਸ਼ਨ ਨੂੰ ਸ਼ਿਕਾਇਤ ਕਰ ਰਹੇ ਹਨ। ਉਨ੍ਹਾਂ ਨੇ ਕੱਲ੍ਹ ਸੋਮਵਾਰ ਵੀ ਵਿਰੋਧਕਰਦੇ ਹੋਏ ਕਿਹਾ ਸੀ ਕਿ ਜਦੋਂ ਰਾਜਸੀ ਪਾਰਟੀਆਂ ਈਵੀ ਐੱਮ ਦੀ ਸੁਰੱਖਿਆਤੋਂ ਫਿਕਰਮੰਦ ਹਨ, ਕਿਉਂਕਿ ਅਫ਼ਵਾਹ ਹੈ ਕਿ ਫ੍ਰੀਕਵੈਂਸੀ ਦੀ ਮਦਦ ਨਾਲ ਇਨ੍ਹਾਂ ਮਸ਼ੀਨਾਂ ਵਿਚਲਾ ਸਟੋਰ ਕੀਤਾ ਡਾਟਾ ਬਦਲਿਆ ਜਾ ਸਕਦਾ ਹੈ, ਤਾਂ ਸ਼ਿਕਾਇਤ ਸੁਣਨੀ ਚਾਹੀਦੀ ਹੈ।

ਉਂਜ ਪਾਰਲੀਮੈਂਟ ਚੋਣਾਂ ਦੇ ਨਤੀਜੇ ਬਾਰੇ ਸ਼ੱਕ ਕਰਦੀ ਵਿਰੋਧੀ ਧਿਰ ਨੂੰ ਵੋਟਿੰਗ ਮਸ਼ੀਨਾਂ ਦੇ ਮੁੱਦੇ ਉੱਤੇ ਅੱਜ ਇੱਕੋ ਦਿਨ ਦੋ ਝਟਕੇ ਲੱਗੇ ਹਨ। ਵੀਵੀਪੈਟ ਦੇ ਨਾਲ ਵੋਟਿੰਗ ਮਸ਼ੀਨਾਂਦੇ ਅੰਕੜੇ ਦੇ 100 ਫ਼ੀਸਦੀ ਮਿਲਾਣ ਦੀ ਮੰਗ ਕਰਦੀ ਪਟੀਸ਼ਨ ਨੂੰ ਸੁਪਰੀਮ ਕੋਰਟ ਨੇ ਇਕ ਵਾਰੀ ਫਿਰ ਰੱਦ ਕਰ ਕੇ ਪਟੀਸ਼ਨਰ ਨੂੰ ਕਿਹਾ, 'ਦੇਸ਼ ਨੂੰ ਸਰਕਾਰ ਚੁਣਨ ਦਿਓ।' ਦੂਸਰੇ ਪਾਸੇ ਚੋਣ ਕਮਿਸ਼ਨ ਨੇ ਉੱਤਰ ਪ੍ਰਦੇਸ਼ ਦੇ ਚਾਰ ਜ਼ਿਲ੍ਹਿਆਂ ਵਿਚਵੋਟਿੰਗ ਮਸ਼ੀਨਾਂ ਦੀ ਸੁਰੱਖਿਆ ਬਾਰੇ ਵਿਰੋਧੀ ਧਿਰ ਦੇ ਸ਼ੱਕ ਨੂੰ ਰੱਦ ਕਰ ਕੇ ਕਿਹਾ ਕਿ ਮਸ਼ੀਨਾਂ ਸੁਰੱਖਿਅਤ ਹਨ ਅਤੇ ਉਹ ਕਮਿਸ਼ਨ ਉੱਤੇ ਭਰੋਸਾ ਰੱਖਣ।

ਵੀਵੀਪੈਟ ਮਸ਼ੀਨ ਦੀਆਂ ਪਰਚੀਆਂ ਦੀ ਜਾਂਚ ਦੀ ਮੰਗ ਬਾਰੇਅਰਜ਼ੀ ਉੱਤੇ ਸੁਪਰੀਮ ਕੋਰਟ ਨੇ ਕਿਹਾ ਕਿ ਇਨ੍ਹਾਂ ਅਰਜ਼ੀਆਂ ਨੂੰ ਵਾਰ-ਵਾਰ ਨਹੀਂ ਸੁਣਿਆ ਜਾ ਸਕਦਾ। ਪਟੀਸ਼ਨ ਨੂੰ ਬਕਵਾਸ ਕਹਿ ਕੇ ਜਸਟਿਸ ਅਰੁਣ ਮਿਸ਼ਰਾ ਨੇ ਕਿਹਾ ਕਿ ਅਸੀਂ ਲੋਕਾਂ ਵੱਲੋਂ ਆਪਣੇ ਪ੍ਰਤੀਨਿਧਾਂ ਦੀ ਚੋਣ ਦਾਰਾਹਨਹੀਂਰੋਕ ਸਕਦੇ। ਅਸਲ ਵਿੱਚ ਚੇਨਈ ਦੇ 'ਟੇਕ ਫਾਰ ਆਲ' ਨਾਂ ਦੇ ਗ਼ੈਰ-ਸਰਕਾਰੀ ਸੰਗਠਨ (ਐੱਨ ਜੀਓ) ਨੇ ਸੁਪਰੀਮ ਕੋਰਟ ਵਿੱਚਅਰਜ਼ੀ ਦੇ ਕੇ ਕਿਹਾ ਸੀ ਕਿ ਤਕਨੀਕੀ ਪੱਖ ਤੋਂਵੀਵੀਪੈਟ ਨਾਲ ਜੁੜੀ ਮਸ਼ੀਨ ਸਹੀ ਨਹੀਂ। ਪਟੀਸ਼ਨਰ ਨੇ ਗੋਆ ਅਤੇ ਓਡੀਸ਼ਾ ਵਿੱਚਮਸ਼ੀਨਾਂ ਦੀ ਗੜਬੜ ਦੇ ਹਵਾਲੇਦੇ ਕੇ ਸਾਰੀਆਂ ਮਸ਼ੀਨਾਂ ਦਾ ਵੀਵੀ ਪੈਟ ਨਾਲ ਮਿਲਾਣ ਕਰਨ ਦੀ ਮੰਗ ਕੀਤੀ ਸੀ। ਸੁਪਰੀਮ ਕੋਰਟ ਨੇ ਕਿਹਾ, 'ਇਸ ਬਾਰੇ ਚੀਫ ਜਸਟਿਸ ਦਾ ਬੈਂਚ ਫ਼ੈਸਲਾ ਦੇ ਚੁੱਕਾ ਹੈ, ਫਿਰ ਤੁਸੀਂ ਇਸ ਕੇਸ ਨੂੰ ਛੁੱਟੀਆਂਵਾਲੇ ਬੈਂਚ ਕੋਲ ਕਿਉਂ ਉਠਾ ਰਹੇ ਹੋ?'

# ਆਮਦਨ ਤੋਂ ਵੱਧ ਜਾਇਦਾਦ ਦੇ ਕੇਸ ਵਿੱਚ ਮੁਲਾਇਮ ਤੇ ਅਖਿਲੇਸ਼ ਨੂੰ ਕਲੀਨ ਚਿੱਟ ਮਿਲੀ



ਲਖਨਊ, 21 ਮਈ, (ਪੋਸਟ ਬਿਊਰੋ)- ਆਮਦਨ ਤੋਂ ਵੱਧ ਜਾਇਦਾਦ ਦੇ ਕੇਸ ਵਿੱਚ ਸਮਾਜਵਾਦੀ ਪਾਰਟੀ ਦੇ ਸਰਪ੍ਰਸਤ ਮੁਲਾਇਮ ਸਿੰਘ ਯਾਦਵ ਅਤੇ ਪ੍ਰਧਾਨ ਅਖਿਲੇਸ਼ ਯਾਦਵ ਦੇ ਖ਼ਿਲਾਫ਼ ਸੀ ਬੀ ਆਈ ਨੇ ਸੁਪਰੀਮ ਕੋਰਟ ਵਿੱਚ ਐਫੀਡੇਵਿਟ ਦਾਖ਼ਲ ਪੇਸ਼ ਕਰ ਕੇ ਮੁਲਾਇਮ ਸਿੰਘ ਯਾਦਵ ਅਤੇ ਅਖਿਲੇਸ਼ ਯਾਦਵ ਨੂੰ ਕਲੀਨ ਚਿੱਟ ਦੇ ਦਿੱਤੀ ਹੈ।

ਅੱਜ ਪੇਸ਼ ਕੀਤੇ ਐਫੀਡੇਵਿਟ ਵਿੱਚ ਸੀ ਬੀ ਆਈ ਨੇ ਕਿਹਾ ਕਿ ਪਿਤਾ-ਪੁੱਤਰ ਦੇ ਖ਼ਿਲਾਫ਼ ਉਨ੍ਹਾਂ ਨੂੰ ਸਬੂਤ ਨਹੀਂ ਮਿਲੇ। ਸੀ ਬੀ ਆਈ ਨੇ ਕੋਰਟ ਨੂੰ ਕਿਹਾ ਕਿ ਮੁੱਢਲੀ ਜਾਂਚ ਵਿੱਚ ਦੋਵਾਂ ਦੇ ਖ਼ਿਲਾਫ਼ ਕੁਝ ਨਹੀਂ ਮਿਲਦਾ। ਕੇਸ ਦੀ ਜਾਂਚ 2013 ਵਿੱਚ ਪੂਰੀ ਹੋ ਗਈ ਅਤੇ ਕੇਂਦਰੀ ਵਿਜੀਲੈਂਸ ਕਮਿਸ਼ਨਰ (ਸੀਵੀਸੀ) ਨੂੰ ਰਿਪੋਰਟ ਪੇਸ਼ ਕਰ ਕੇ ਕੇਸ ਬੰਦ ਕਰ ਦਿੱਤਾ ਗਿਆ ਸੀ। ਪਟੀਸ਼ਨਰ ਵਿਸ਼ਵਨਾਥ ਚਤੁਰਵੇਦੀ ਨੇ ਅਰਜ਼ੀ ਦੇ ਕੇ ਅਦਾਲਤ ਕੋਲੋਂ ਸੀ ਬੀ ਆਈ ਨੂੰ ਦੋਵਾਂ ਆਗੂਆਂ ਦੇ ਆਮਦਨ ਤੋਂ ਵੱਧ ਜਾਇਦਾਦ ਰੱਖਣ ਬਾਰੇ ਰਿਪੋਰਟ ਪੇਸ਼ ਕਰਨ ਨੂੰ ਕਹਿਣ ਦੀ ਮੰਗ ਕੀਤੀ ਸੀ, ਜਿਸ ਉੱਤੇ ਅਦਾਲਤ ਨੇ ਸੀ ਬੀ ਆਈਐਫੀਡੇਵਿਟ ਪੇਸ਼ ਕਰ ਕੇ ਜਵਾਬ ਦੇਣ ਨੂੰ ਕਿਹਾ ਸੀ।

ਸਮਾਜਵਾਦੀ ਪਾਰਟੀ ਨੇ ਆਗੂ ਮੁਲਾਇਮ ਸਿੰਘ ਯਾਦਵ ਤੇ ਉਨ੍ਹਾਂ ਦੇ ਪੁੱਤਰ ਅਖਿਲੇਸ਼ ਯਾਦਵ ਖ਼ਿਲਾਫ਼ ਆਦਮਨ ਤੋਂ ਵੱਧ ਜਾਇਦਾਦ ਦੇ 12 ਸਾਲ ਪੁਰਾਣੇ ਕੇਸ ਵਿੱਚ ਸੁਪਰੀਮ ਕੋਰਟ ਦੇਮੁੱਖ ਜੱਜ ਰੰਜਨ ਗੋਗੋਈ ਦੀ ਪ੍ਰਧਾਨਗੀ ਹੇਠਲੇ ਬੈਂਚ ਨੇ ਸੀ ਬੀ ਆਈ ਤੋਂ ਜਾਂਚ ਰਿਪੋਰਟ ਮੰਗੀ ਸੀ। ਪਟੀਸ਼ਨਰ ਦਾ ਕਹਿਣਾ ਸੀ ਕਿ ਛੇ ਸਾਲ ਪਹਿਲਾਂ ਜਾਂਚ ਪੂਰੀ ਹੋ ਜਾਣ ਦੇ ਬਾਵਜੂਦ ਸੀ ਬੀ ਆਈ ਨੇ ਰਿਪੋਰਟ ਨਹੀਂ ਸੌਂਪੀ।ਇਸ ਤੋਂ ਬਾਅਦ ਮੁਲਾਇਮ ਸਿੰਘ ਯਾਦਵ ਨੇ ਸੁਪਰੀਮ ਕੋਰਟ ਵਿੱਚ ਕਿਹਾ ਸੀ ਕਿ ਉਨ੍ਹਾਂ ਦੇ ਖ਼ਿਲਾਫ਼ ਦਾਇਰ ਅਰਜ਼ੀ ਰਾਜਨੀਤੀ ਤੋਂ ਪ੍ਰੇਰਿਤ ਹੈ। ਉਨ੍ਹਾਂ ਕਿਹਾ ਸੀ ਕਿ ਲੋਕ ਸਭਾ ਚੋਣ ਹੋਣੀਆਂ ਹਨ ਤੇ ਇਸ ਲਈ ਜਾਣਬੁਝ ਕੇ ਉਨ੍ਹਾਂ ਖ਼ਿਲਾਫ਼ ਅਰਜ਼ੀ ਦਿੱਤੀ ਗਈ ਹੈ। ਆਮਦਨ ਟੈਕਸ ਵਿਭਾਗ ਨੇ ਉਨ੍ਹਾਂ ਦੀ ਅਤੇ ਉਨ੍ਹਾਂ ਦੇ ਪਰਿਵਾਰ ਦੀ ਜਾਇਦਾਦ ਦੀ ਜਾਂਚ ਕੀਤੀ ਸੀ, ਪਰ ਉਨ੍ਹਾਂ ਨੂੰ ਕੁਝ ਨਹੀਂ ਮਿਲ ਸਕਿਆ। ਇਸ ਲਈ ਉਨ੍ਹਾਂ ਤੇ ਉਨ੍ਹਾਂ ਦੇ ਪਰਿਵਾਰ ਦੇ ਖ਼ਿਲਾਫ਼ ਦਾਇਰ ਪਟੀਸ਼ਨ ਨੂੰ ਰੱਦ ਕੀਤਾ ਚਾਹੀਦਾ ਹੈ।

## ਹਾਈ ਕੋਰਟ ਨੇ ਕਿਹਾ: 'ਨਾਨ' ਨੂੰ ਚੂਰ-ਚੂਰ ਕਰਨੋਂ ਕਿਸੇ ਨੂੰ ਨਹੀਂ ਰੋਕਿਆ ਜਾ ਸਕਦਾ

ਨਵੀਂ ਦਿੱਲੀ, 21 ਮਈ (ਪੋਸਟ ਬਿਊਰੋ)- ਇੱਕ ਅਪੀਲ ਉੱਤੇ ਸੁਣਵਾਈ ਦੌਰਾਨ ਦਿੱਲੀ ਹਾਈ ਕੋਰਟ ਨੇ ਕਿਹਾ ਹੈ ਕਿ ਚੂਰ-ਚੂਰ ਨਾਨ ਅਤੇ ਅੰਮ੍ਰਿਤਸਰੀ ਚੂਰ-ਚੂਰ ਨਾਨ ਸ਼ਬਦ ਕਿਸੇ ਦੀ ਮਾਲਕੀ ਨਹੀਂ ਹੋ ਸਕਦੇ ਕਿਉਂਕਿ ਇਹ ਪੂਰੀ ਤਰ੍ਹਾਂ ਜਨਤਕ ਸ਼ਬਦ ਹੈ। ਅਦਾਲਤ ਨੇ ਕਿਹਾ ਕਿ ਚੂਰ-ਚੂਰ ਸ਼ਬਦ ਦਾ ਮਤਲਬ ਚੂਰਾ ਹੈ ਤੇ ਚੂਰ-ਚੂਰ ਨਾਨ ਦਾ ਮਤਲਬ ਹੈ ਕਿ ਚੂਰਾ ਕੀਤਾ ਗਿਆ ਨਾਨ। ਇਹ ਸ਼ਬਦ ਕਿਸੇ ਇੱਕ ਲਈ ਟ੍ਰੇਡਮਾਰਕ ਰਜਿਸਟਰ ਹੋਣ ਦੇ ਯੋਗ ਨਹੀਂ।

ਜਸਟਿਸ ਪ੍ਰਤਿਭਾ ਐਮ ਸਿੰਘ ਨੇ ਪ੍ਰਵੀਨ ਕੁਮਾਰ ਜੈਨ ਦੀ ਅਰਜ਼ੀ ਉਤੇ ਸੁਣਵਾਈ ਮੌਕੇ ਇਹ ਫੈਸਲਾ ਸੁਣਾਇਆ। ਪ੍ਰਵੀਨ ਕੁਮਾਰ ਜੈਨ ਦਿੱਲੀ ਦੇ ਪਹਾੜਗੰਜ ਵਿੱਚ ਇੱਕ ਰੈਸਟੋਰੈਂਟ ਦੇ ਮਾਲਕ ਹਨ, ਜਿੱਥੇ ਨਾਨ ਤੇ ਹੋਰ ਖਾਣੇ ਪਰੋਸੇ ਜਾਂਦੇ ਹਨ। ਉਨ੍ਹਾ ਨੇ ਹਾਈ ਕੋਰਟ ਵਿੱਚ ਅਪੀਲ ਕਰ ਕੇ ਦਾਅਵਾ ਕੀਤਾ ਸੀ ਕਿ ਚੂਰ-ਚੂਰ ਨਾਨ 'ਤੇ ਉਨ੍ਹਾਂ ਦਾ ਅਧਿਕਾਰ ਹੈ, ਕਿਉਂਕਿ ਉਨ੍ਹਾਂ ਇਸ ਲਈ ਰਜਿਸਟਰੇਸ਼ਨ ਕਰਵਾਈ ਹੋਈ ਹੈ। ਉਨ੍ਹਾਂ ਇਸੇ ਤਰ੍ਹਾਂ ਦੇ ਸ਼ਬਦਾਂ ਦੀ ਵਰਤੋਂ ਕਰਨ ਲਈ ਇੱਕ ਹੋਰ ਰੈਸਟੋਰੈਂਟ ਖਿਲਾਫ ਟ੍ਰੇਡਮਾਰਕ ਉਲੰਘਣਾ ਦਾ ਦੋਸ਼ ਲਾਇਆ ਸੀ। ਅਪੀਲ 'ਤੇ ਸੁਣਵਾਈ ਵੇਲੇ ਹਾਈ ਕੋਰਟ ਨੇ ਕਿਹਾ ਕਿ ਰਜਿਸਟਰੇਸ਼ਨ ਗਲਤ ਢੰਗ ਨਾਲ ਮਿਲ ਗਈ ਹੈ, ਇਨ੍ਹਾਂ ਸ਼ਬਦਾਂ ਦੀ ਵਰਤੋਂ ਆਮ ਭਾਸ਼ਾ ਵਿੱਚ ਗੱਲਬਾਤ ਦੌਰਾਨ ਹੁੰਦੀ ਹੈ ਤੇ ਚੂਰ-ਚੂਰ ਦੇ ਭਾਵ ਸੰਬੰਧੀ ਕਿਸੇ ਦਾ ਅਧਿਕਾਰ ਨਹੀਂ ਹੋ ਸਕਦਾ। ਹਾਈ ਕੋਰਟ ਨੇ ਕਿਹਾ ਕਿ ਅਪੀਲਕਰਤਾ ਨੇ ਬੇਸ਼ੱਕ ਚੂਰ-ਚੂਰ ਨਾਨ, ਅੰਮ੍ਰਿਤਸਰੀ ਚੂਰ-ਚੂਰ ਨਾਨ ਦੀ ਰਜਿਸਟਰੇਸ਼ਨ ਕਵਰਾਈ ਹੋਈ ਹੈ, ਪਰ ਇਸ ਨਾਲ ਕਿਸੇ ਵੀ ਨਾਨ ਨੂੰ ਚੂਰ-ਚੂਰ ਕਰਨ ਤੋਂ ਨਹੀਂ ਰੋਕਿਆ ਜਾ ਸਕਦਾ।

# ਅਮਰੀਕਾ ਨੇ ਚੀਨੀ ਟੈਕਨਾਲੋਜੀ ਕੰਪਨੀ ਵਿਰੁੱਧ ਫ਼ੈਸਲਾ 90 ਦਿਨਾਂ ਲਈ ਟਾਲਿਆ

ਵਾਸ਼ਿੰਗਟਨ, 21 ਮਈ, (ਪੋਸਟ ਬਿਊਰੋ)- ਚੀਨ ਦੀ ਟੈਕਨਾਲੋਜੀ ਕੰਪਨੀ ਹੁਆਵੇਈ ਉੱਤੇ ਲੱਗੀ ਰੋਕ ਨੂੰ ਅਮਰੀਕਾ ਨੇ ਹਾਲ ਦੀ ਘੜੀ 90 ਦਿਨਾਂ ਲਈ ਟਾਲ ਦਿਤਾ ਹੈ। ਉਸ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਭਾਰੀ ਪੇਰਸ਼ਾਨੀਆਂ ਰੋਕਣ ਲਈ ਸਮਾਂ ਦਿਤਾ ਜਾਣਾ ਚਾਹੀਦਾ ਹੈ, ਪਰ ਇਸ ਰਾਹਤ ਨਾਲ ਪਾਬੰਦੀ ਦੇ ਫ਼ੈਸਲੇ ਉੱਤੇ ਅਸਰ ਨਹੀਂ ਪਵੇਗਾ। ਟਰੰਪ ਸਰਕਾਰ ਦੇ ਵਪਾਰ ਵਿਭਾਗ ਵੱਲੋਂ ਦਿਤੀ ਜਾਣਕਾਰੀਮੁਤਾਬਕ ਇਹ ਰੋਕ ਕੱਚੀ ਹੈ ਤੇ ਇਸ ਨਾਲ ਰਾਸ਼ਟਰਪਤੀ ਡੋਨ-ਾਲਡ ਟਰੰਪ ਵਲੋਂਕੌਮੀ ਸੁਰੱਖਿਆ ਕਾਰਨ ਕੰਪਨੀ ਉੱਤੇ ਲਾਈ ਰੋਕ ਦੇ ਫੈਸਲੇ ਵਿਚ ਬਦਲਾਅ ਨਹੀਂ ਆਵੇਗਾ।

ਵਰਨਣ ਯੋਗ ਹੈ ਕਿ ਟਰੰਪ ਸਰਕਾਰ ਦੇ ਇਸ ਫੈਸਲੇ ਨਾਲ ਅਮਰੀਕਾ ਅਤੇ ਚੀਨੀ ਟੈਕਨਾਲੋਜੀ ਕੰਪਨੀ ਦੋਵਾਂ ਉੱਤੇ ਡੂੰਘਾ ਅਸਰ ਪਵੇਗਾ। ਅਮਰੀਕਾ ਇਸ ਦੇ ਬਦਲੇ ਹੁਆਵੇਈ ਨੂੰ ਵਕਤੀ ਲਾਇਸੈਂਸ ਦੇਵੇਗਾ, ਜਿਸ ਨਾਲ ਅਮਰੀਕਾ ਦੀਆਂ ਕੰਪਨੀਆਂ ਨਾਲ ਹੁਆਵੇਈ ਕਾਰੋਬਾਰ ਜਾਰੀ ਰੱਖ ਸਕਦੀ ਹੈ। ਵਪਾਰ ਮੰਤਰੀ ਵਿਲਬਰ ਰਾਸ ਨੇ ਕਿਹਾ, 'ਵਕਤੀ ਲਾਇਸੈਂਸ ਨਾਲ ਆਪਰੇਟਰਾਂ ਨੂੰ ਕੰਮ ਚੱਲਦਾ ਰੱਖਣ ਲਈ ਦੂਜੇ ਪ੍ਰਬੰਧ ਕਰਨ ਦਾ ਸਮਾਂ ਮਿਲ ਜਾਂਦਾ ਹੈ ਤੇ ਵਿਭਾਗ ਜ਼ਰੂਰੀ ਸੇਵਾ ਲਈ ਹੁਆਵੇਈ ਦੇ ਸਾਜ਼ੋ-ਸਮਾਨ ਉਤੇ ਨਿਰਭਰ ਅਮਰੀਕਾ ਤੇ ਵਿਦੇਸ਼ੀ ਟੈਲੀਕਾਮ ਕੰਪਨੀਆਂ ਲਈ ਉਪਾਅ ਕਰ ਸਕੇਗਾ।ਇਹ ਵਕਤੀ ਲਾਇਸੈਂਸ ਟੈਲੀਕਾਮ ਸੇਵਾ ਕੰਪਨੀਆਂ ਨੂੰ ਹੁਆਵੇਈ ਮੋਬਾਈਲ ਫੋਨ ਅਤੇ ਪੇਂਡੂ ਬ੍ਰਾਂਡਬੈਂਡ ਨੈਟਵਰਕ ਜਾਰੀ ਰੱਖਣ ਦੀ ਸਹੂਲਤ ਦੇਵੇਗਾ। ਇਸ ਦੌਰਾਨ ਹੁਆਵੇਈ ਦੇ ਬਾਨੀ ਰੇਨ ਝੇਂਗਫਈ ਨੇ ਬੀਜਿੰਗ ਵਿਚ ਕਿਹਾ ਕਿ ਕੰਪਨੀ ਦੀ ਤਾਕਤ ਦਾ ਅੰਦਾਜ਼ਾ ਅਮਰੀਕਾਸਹੀ ਨਹੀਂ ਲਾ ਰਿਹਾ।ਉਨ੍ਹਾਂ ਨੇ ਕੰਪਨੀ ਉੱਤੇ ਰੋਕ ਦੀਆਂ ਅਮਰੀਕੀ ਕੋਸ਼ਿਸ਼ਾਂ ਦੇ ਬਾਰੇ ਸਖ਼ਤ ਰੁਖ ਧਾਰਦੇ ਹੋਏ ਕਿਹਾ ਕਿ ਅਮਰੀਕਾ ਦੇ ਵਿਹਾਰ ਵੱਲੋਂ ਲਗਦਾ ਹੈ ਕਿ ਉਹ ਸਾਡੀ ਤਾਕਤ ਦਾ ਸਹੀ ਅੰਦਾਜ਼ਾ ਨਹੀਂ ਲਾ ਰਹੇ। ਇਸ ਦੇ ਨਾਲ ਉਨ੍ਹਾਂ ਨੇ ਕਿਹਾ ਕਿ 5ਜੀ ਉਤੇ ਕੋਈ ਅਸਰ ਨਹੀਂ ਹੋਵੇਗਾ। ਜਿਥੇ ਤੱਕ 5ਜੀ ਦੀ ਤਕਨਾਲੋਜੀ ਦਾ ਸਵਾਲ ਹੈ, ਅਗਲੇ 2-3 ਸਾਲਾਂ ਤੱਕ ਕੋਈ ਵੀ ਹੁਆਵੇਈ ਦੇ ਬਰਾਬਰ ਨਹੀਂ ਪਹੁੰਚ ਸਕੇਗਾ।

# ਚੋਣ ਕਮਿਸ਼ਨ ਵੱਲੋਂ ਇੱਕ ਚੋਣ ਕਮਿਸ਼ਨਰ ਲਵਾਸਾ ਦੀ ਮੰਗ ਰੱਦ

### * ਪੁਰਾਣੀ ਵਿਵਸਥਾ ਕਾਇਮ ਰੱਖਣ ਦਾ ਫੈਸਲਾ

ਨਵੀਂ ਦਿੱਲੀ, 21 ਮਈ, (ਪੋਸਟ ਬਿਊਰੋ)- ਆਦਰਸ਼ ਚੋਣ ਜ਼ਾਬਤੇ ਦੇ ਮਾਮਲਿਆਂ ਵਿਚ ਚੋਣ ਕਮਿਸ਼ਨਰ ਅਸ਼ੋਕ ਲਵਾਸਾ ਦੇ ਇਤਰਾਜ਼ ਰੱਦ ਕਰ ਕੇਚੋਣ ਕਮਿਸ਼ਨ ਨੇ ਪੁਰਾਣੀ ਵਿਵਸਥਾ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ।

ਵਰਨਣ ਯੋਗ ਹੈ ਕਿ ਗੰਭੀਰ ਇਤਰਾਜ਼ ਲਾ ਕੇ ਮੀਟਿੰਗਾਂ ਵਿੱਚ ਨਾ ਜਾ ਰਹੇ ਇੱਕ ਚੋਣ ਕਮਿਸ਼ਨਰ ਅਸ਼ੋਕ ਲਵਾਸਾ ਦੇ ਕੇਸ ਬਾਰੇ ਅੱਜ ਚੋਣ ਕਮਿਸ਼ਨ ਦੀ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿਚ 2-1 ਦੇ ਬਹੁ-ਮੱਤ ਨਾਲ ਇਹ ਫੈਸਲਾ ਹੋਇਆ ਕਿ ਚੋਣ ਕਮਿਸ਼ਨਰ ਅਸ਼ੋਕ ਲਵਾਸਾ ਨੇ ਆਦਰਸ਼ ਚੋਣ ਜ਼ਾਬਤੇ ਨਾਲ ਜੁੜੇ ਜਿਹੜੇ ਮਸਲੇ ਜਨਤਕ ਕਰਨ ਦੀ ਮੰਗ ਕੀਤੀ ਸੀ, ਉਸ ਬਾਰੇ ਉਨ੍ਹਾਂ ਦੀ ਮੰਗ ਪੂਰੀ ਨਹੀਂ ਹੋਵੇਗੀ।ਚੋਣ ਕਮਿਸ਼ਨ ਨੇ ਸਾਫ਼ ਕਿਹਾ ਕਿ ਚੋਣ ਜ਼ਾਬਤਾ ਦੀ ਉਲੰਘਣਾ ਦੇ ਕੇਸ ਵਿੱਚ ਸਾਰੇ ਮੈਂਬਰਾਂ ਦੇ ਬਿਆਨ ਦਰਜ ਕੀਤੇ ਜਾਣਗੇ, ਪ੍ਰੰਤੂ ਘੱਟ ਗਿਣਤੀ ਮੈਂਬਰ ਦੀ ਰਾਏ ਜਨਤਕ ਨਹੀਂ ਕੀਤੀ ਜਾਏਗੀ ਤੇ ਮੌਜੂਦਾ ਪ੍ਰਬੰਧਕਾਇਮ ਰਹੇਗਾ। ਚੋਣ ਕਮਿਸ਼ਨ ਨੇ ਇਸ ਲਈ ਤਰਕ ਦਿੱਤਾ ਕਿ ਚੋਣ ਜ਼ਾਬਤੇ ਦੇ ਉਲੰਘਣ ਦਾ ਕੇਸ ਸੈਮੀ-ਜੁਡੀਸ਼ਲ ਪ੍ਰਕਿਰਿਆ ਵਿਚ ਸ਼ਾਮਲ ਨਹੀਂ, ਇਸ ਲਈ ਘੱਟ ਗਿਣਤੀ ਰਾਏ ਜਨਤਕ ਨਹੀਂ ਕੀਤੀ ਜਾ ਸਕਦੀ।

ਅਸਲ ਵਿੱਚ ਚੋਣ ਕਮਿਸ਼ਨ ਨੇ ਲਵਾਸਾ ਦੇ ਇਤਰਾਜ਼ਾਂ ਅਤੇ ਮੀਟਿੰਗਾਂ ਵਿੱਚ ਨਾ ਆਉਣ ਦੇ ਕਾਰਨ ਵਿਸ਼ੇਸ਼ ਬੈਠਕ ਸੱਦੀ ਸੀ, ਜਿਸ ਵਿਚ ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਦੇ ਨਾਲ ਚੋਣ ਕਮਿਸ਼ਨਰ ਸੁਸ਼ੀਲ ਚੰਦਰ ਤੇ ਅਸ਼ੋਕ ਲਵਾਸਾ ਸ਼ਾਮਲ ਸਨ। ਚੋਣ ਕਮਿਸ਼ਨਰ ਲਵਾਸਾ ਨੇ ਪਿਛਲੇ ਦਿਨੀਂ ਮੁੱਖ ਚੋਣ ਕਮਿਸ਼ਨਰ ਨੂੰ ਪੱਤਰ ਲਿਖ ਕੇ ਰੋਸ ਪ੍ਰਗਟ ਕੀਤਾ ਸੀ ਕਿ ਚੋਣ ਜ਼ਾਬਤਾ ਉਲੰਘਣ ਦੇ ਕੇਸਾਂ ਵਿਚ ਫ਼ੈਸਲਾ ਦਿੰਦੇ ਸਮੇਂ ਉਨ੍ਹਾਂ ਦੀ ਅਸਹਿਮਤੀ ਨੂੰ ਦਰਜ ਨਹੀਂ ਕੀਤਾ ਗਿਆ। ਇਹ ਕੇਸ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਖ਼ਿਲਾਫ਼ ਚੋਣ ਜ਼ਾਬਤੇ ਦੇ ਉਲੰਘਣ ਦੀਆਂ ਸ਼ਿਕਾਇਤਾਂ ਬਾਰੇ ਸੀ, ਜਿਸ ਬਾਰੇ ਚੋਣ ਕਮਿਸ਼ਨ ਨੇ ਉਨ੍ਹਾਂ ਨੂੰ ਕਲੀਨ ਚਿੱਟ ਦੇ ਦਿੱਤੀ ਸੀ। ਲਵਾਸਾ ਨੇ ਕਰੀਬ ਪੰਜ ਕੇਸਾਂ ਵਿਚ ਅਸਹਿਮਤੀ ਦਰਜ ਕੀਤੀ ਸੀ, ਪ੍ਰੰਤੂ ਉਨ੍ਹਾਂ ਦੀ ਰਾਏ ਨੂੰ ਜਨਤਕ ਨਹੀਂਸੀ ਕੀਤਾ ਗਿਆ।

# ਕਾਲਾ ਧਨ ਕਾਨੂੰਨ ਬਾਰੇ ਹਾਈ ਕੋਰਟ ਦਾ ਫੈਸਲਾ ਸੁਪਰੀਮ ਕੋਰਟ ਨੇ ਰੋਕਿਆ



ਨਵੀਂ ਦਿੱਲੀ, 21 ਮਈ, (ਪੋਸਟ ਬਿਊਰੋ)- ਕਾਲਾ ਧਨ ਕਾਨੂੰਨ ਬਾਰੇ ਦਿੱਲੀ ਹਾਈ ਕੋਰਟ ਦੇ ਆਦੇਸ਼ ਨੂੰਸੁਪਰੀਮ ਕੋਰਟ ਨੇ ਰੋਕ ਲਾ ਦਿੱਤੀ ਤੇ ਕੇਂਦਰ ਦੀ ਅਰਜ਼ੀ ਸੁਣਵਾਈ ਲਈ ਮਨਜ਼ੂਰ ਕਰ ਲਈ ਹੈ। ਇਸ ਤੋਂ ਪਹਿਲਾਂ ਹਾਈ ਕੋਰਟ ਨੇ ਇੱਕ ਹੁਕਮ ਵਿਚ ਕਿਹਾ ਸੀ ਕਿ ਅਪਰਾਧੀਆਂ ਦੇ ਖ਼ਿਲਾਫ਼ ਕੇਸ ਦਰਜ ਕਰਨ ਅਤੇ ਜਾਂਚ ਕਰਨ ਲਈ 2016 ਵਿਚ ਬਣੇ ਕਾਨੂੰਨ ਨੂੰ ਇਕ ਜੁਲਾਈ 2015 ਤੋਂ ਲਾਗੂ ਨਹੀਂ ਕੀਤਾ ਜਾ ਸਕਦਾ।

ਜਸਟਿਸ ਅਰੁਣ ਮਿਸ਼ਰਾ ਦੀ ਬੈਂਚ ਨੇ ਦਿੱਲੀ ਹਾਈ ਕੋਰਟ ਦੇ 16 ਮਈ ਦੇ ਉਸ ਆਦੇਸ਼ ਉੱਤੇ ਰੋਕ ਲਾ ਦਿੱਤੀ ਹੈ, ਜਿਸ ਵਿਚ ਆਮਦਨ ਟੈਕਸ ਵਿਭਾਗ ਨੂੰ 3,600 ਕਰੋੜ ਰੁਪਏ ਦੇ ਅਗਸਤਾ ਵੈਸਟਲੈਂਡ ਵੀਵੀਆਈਪੀ ਹੈਲੀਕਾਪਟਰ ਘੁਟਾਲੇ ਦੇ ਦੋਸ਼ੀ ਗੌਤਮ ਖੇਤਾਨ ਦੇ ਖ਼ਿਲਾਫ਼ ਕਿਸੇ ਵੀ ਕਾਰਵਾਈ ਤੋਂ ਰੋਕ ਦਿੱਤਾ ਗਿਆ ਸੀ। ਆਮਦਨ ਟੈਕਸ ਵਿਭਾਗ ਨੇ ਇਸ ਕਾਨੂੰਨ ਦੀ ਧਾਰਾ 51 ਹੇਠ ਗੌਤਮ ਖੇਤਾਨ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਦੋਸ਼ੀ ਪਾਏ ਜਾਣ ਉੱਤੇ 10 ਸਾਲ ਕੈਦ ਹੋ ਸਕਦੀ ਹੈ। ਗੌਤਮ ਖੇਤਾਨ ਨੇ ਕਾਨੂੰਨ ਨੂੰ ਪਿਛਲੀ ਤਰੀਕ ਤੋਂ ਲਾਗੂ ਕਰਨ ਨੂੰ ਚੁਣੌਤੀ ਦਿੱਤੀ ਸੀ।ਸੁਪਰੀਮ ਕੋਰਟ ਨੇ ਕੇਂਦਰ ਦੀ ਅਰਜ਼ੀ ਨੂੰ ਸੁਣਵਾਈ ਲਈ ਪ੍ਰਵਾਨ ਕਰਦੇ ਹੋਏ ਗੌਤਮ ਖੇਤਾਨ ਨੂੰ ਨੋਟਿਸ ਭੇਜ ਕੇ ਇਸ ਉੱਤੇ ਛੇ ਹਫ਼ਤੇ ਵਿੱਚ ਜਵਾਬ ਦੇਣ ਨੂੰ ਕਿਹਾ ਹੈ।ਹਾਈ ਕੋਰਟ ਨੇ ਕਾਲਾ ਧਨ ਕਾਨੂੰਨ ਨੂੰ ਪਿਛਲੀ ਤਰੀਕ ਤੋਂ ਲਾਗੂ ਕਰਨ ਦੇ ਨੋਟੀਫਿਕੇਸ਼ਨ ਉਤੇ ਰੋਕ ਲਾਉਂਦੇ ਹੋਏ ਕਿਹਾ ਸੀ ਕਿ ਪਾਰਲੀਮੈਂਟਤੋਂ ਪਾਸ ਮਤੇ ਵਿਚ ਇਸ ਕਾਨੂੰਨ ਦੇ ਲਾਗੂ ਹੋਣ ਦੀ ਤਰੀਕ ਇਕ ਅਪ੍ਰੈਲ 2016 ਹੈ, ਇਸ ਲਈ ਉਸ ਨੂੰ ਆਰਡੀਨੈਂਸ ਰਾਹੀਂ ਪੁਰਾਣੀ ਤਰੀਕ ਤੋਂ ਲਾਗੂ ਨਹੀਂ ਕੀਤਾ ਜਾ ਸਕਦਾ।

## ਫਰਾਂਸ ਦੇ ਡਾਕਟਰ ਉੱਤੇ 17 ਮਰੀਜ਼ਾਂ ਨੂੰ ਜ਼ਹਿਰ ਦੇਣ ਦਾ ਦੋਸ਼

ਪੈਰਿਸ, 21 ਮਈ (ਪੋਸਟ ਬਿਊਰੋ)- ਫਰਾਂਸ ਦੇ ਇਕ ਡਾਕਟਰ 'ਤੇ 17 ਮਰੀਜ਼ਾਂ ਨੂੰ ਜ਼ਹਿਰ ਦੇਣ ਦਾ ਦੋਸ਼ ਲੱਗਾ ਹੈ। ਉਸ ਦੇ ਖਿਲਾਫ ਜਾਂਚ ਸ਼ੁਰੂ ਹੋ ਗਈ ਹੈ। ਦੋਸ਼ੀ ਡਾਕਟਰ ਫ੍ਰੈਡਰਿਕ ਪੇਚੀਅਰ (47) ਇਕ ਏਨੇਸਥੇਸਿਓਲਾਜਿਸਟ ਹੈ। ਜ਼ਹਿਰ ਦੇਣ ਦੇ ਸੱਤ ਕੇਸਾਂ 'ਚ ਉਸ ਖਿਲਾਫ ਪਹਿਲਾਂ ਹੀ ਜਾਂਚ ਹੋ ਚੁੱਕੀ ਹੈ। ਇਸ ਤਰ੍ਹਾਂ ਦੇ ਮਾਮਲਿਆਂ ਵਿੱਚ ਨੌਂ ਲੋਕਾਂ ਦੀ ਮੌਤ ਹੋ ਚੁੱਕੀ ਹੈ। ਬੀਤੇ ਦਿਨੀਂ ਬੀ ਬੀ ਸੀ ਨੇ ਆਪਣੀ ਰਿਪੋਰਟ 'ਚ ਇਹ ਜਾਣਕਾਰੀ ਦਿੱਤੀ।

ਪ੍ਰਾਸੀਕਿਊਸ਼ਨ ਪੱਖ ਦਾ ਦੋਸ਼ ਹੈ ਕਿ ਪੇਚੀਅਰ ਨੇ ਜਾਣਬੁੱਝ ਕੇ ਆਪਣੇ ਸਹਿਯੋਗੀਆਂ ਦਾ ਏਨੇਸਥੀਸੀਆ ਪਾਉਚ ਨਾਲ ਛੇੜਛਾੜ ਕੀਤੀ ਸੀ। ਉਹ ਐਮਰਜੈਂਸੀ ਹਾਲਾਤ ਪੈਦਾ ਕਰਨਾ ਚਾਹੁੰਦਾ ਸੀ ਤਾਂ ਕਿ ਆਪਣੇ ਮਾਹਰ ਹੋਣ ਦਾ ਵਿਖਾਲਾ ਕਰ ਸਕੇ। ਪੇਚੀਅਰ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ। ਜੇ ਉਹ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਨੂੰ ਉਮਰ ਕੈਦ ਹੋ ਸਕਦੀ ਹੈ। ਦੋਸ਼ੀ ਦੇ ਵਕੀਲ ਜੀਨ-ਯਵੇਸ ਲੀ ਬੋਰਗਨ ਨੇ ਮੀਡੀਆ ਨੂੰ ਦੱਸਿਆ ਕਿ ਜਾਂਚ ਵਿੱਚ ਕੁਝ ਵੀ ਸਾਬਤ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਪੇਚੀਅਰ ਵੱਲੋਂ ਉਨ੍ਹਾਂ ਨੂੰ ਜ਼ਹਿਰ ਦੇਣਾ ਸਿਰਫ ਕਲਪਨਾ ਹੈ। ਬੇਜ਼ੰਸ ਦੇ ਸ਼ਹਿਰ 'ਚ ਮਈ 2017 'ਚ ਇਕ ਪੰਜ ਜੱਜਾਂ ਨੇ ਪੇਚੀਅਰ 'ਤੇ ਜ਼ਹਿਰ ਦੇਣ ਦੇ ਲੱਗੇ ਦੋਸ਼ਾਂ 'ਚੋਂ ਸੱਤ ਦੀ ਜਾਂਚ ਤੋਂ ਬਾਅਦ ਉਸ ਨੂੰ ਛੱਡ ਦਿੱਤਾ ਸੀ।








**Paramjit Deol** Broker — **CELL: 416-993-7378**
7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



**Your neighborhood broker, Call Paramjit Deol Today**

| Location | Price | Details |
|---|---|---|
| TORONTO | $6.99/Sq Ft | **22 Arrow Rd 1:** Rear Freestanding Building, Approx. 7,000 Sq Ft, Zoning Allows For Industrial, Retail & Outside Storage. Currently Operating As A Furniture Store. Located In High Demand Area. |
| Chatham-Kent | $85,000 | **2 Chittim Rd 408 :** Excellent Opportunity For Investors & 1st Time Buyers, Excellent Location, Low Maintenance, Close To Downtown & To Hwy 401, Currently Tenanted Property, Low Maintenance Fee. |
| TORONTO | $140,000 | **45 Four Winds Dr :** Pizza Store For Sale In A Busy Mall Steps To York University, Tons Of Foot Traffic, Walking Distance From Kids Schools, Residential Apartments/ Condos Minutes Away. |
| BRAMPTON | $169,900 | **537 Van Kirk Dr 110 :** Turn Key Operation, Well-Established Pets Pizzeria, No Franchise Fees Or Royalty, Low Rent Of $2,700. Situated In A good Neighborhood, Sales Of $30,000 Per Month. |
| BRAMPTON | $195,900 | **2070 Steeles Ave 18:** Turn Key Operation, Well Established Truck Repair Shop, Located In Brampton. Be Your Own Boss Today. Situated On A Very Busy Street With Tons Of Trucks Passing By Daily, Great Clientele, Sales Are $55,000 Per Month As Per Seller. |
| BRAMPTON | $199,900 | **8770 The Gore Rd 6 :** Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic Flow. |
| BRAMPTON | $199,000 | **25 Cherrycrest Dr:** Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Money Making Opportunity, Sales Are $55,000 Per Month |
| BRAMPTON | $369,000 | **15 Brisdale Dr 7&8 :** ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ। |
| TORONTO | $309,000 | **320 Dixon Rd 1715:** Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest. |
| BRAMPTON | $349,000 | **3024 Hurontario St G7 :** Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000. |
| BRAMPTON | $449,000 | **315 Royal West Dr F & G :** Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month, |
| MISSISSAUGA | $469,000 | **349 Rathburn Rd W 1601:** First Time Buyers & Investors Assignment Sale New Condo Project Located Just Few Minutes From Square One, Sheridan College, Movie Theater, Go Bus Terminal, Hey 403, Library, Restaurants And Many More Amenities. |
| BRAMPTON | $469,000 | **537 Van Kirk Dr 110:** For sale Please call 905-405-8484 |
| BRANTFORD | $525,000 | **118&120 Morrell St:** Great Investment With Great Income!!! Located In Brantford , Total Space Of 4,000 Sq Ft. 2,000 Sq Ft Of Storefront & 4 One Bedroom Apartments. All Are Currently Leased. |
| MISSISSAUGA | $629,000 | **7680 Benavon Rd:** Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors. |
| BRAMPTON | $779,000 | **9 Loftsmoor Dr:** Immaculate Semidetached Corner Lot With Lots Of Sunshine All Year Around, Plus An Over Sized Backyard, Gleaming Hardwood Floors & Upgraded Washrooms. Must See |

*Canadian punjabi post assumes no responsibility for the accuracy of any information shown. Copyright Ppost 2019

# ਐਡਮਿੰਟਨ ਤੋਂ ਵਿਧਾਇਕ ਬਣਿਆ ਪੱਤਰਕਾਰ ਅਤੇ ਸਾਹਿਤ ਤੇ ਰੰਗਮੰਚ ਦਾ ਪਾਰਖੂ ਜਸਬੀਰ ਦਿਓਲ






ਵਿਦੇਸ਼ਾਂ ਵਿਚ ਸਖਤ ਮਿਹਨਤ-ਮੁਸ਼ਕਤ ਕਰਕੇ ਆਰਿਥਕ ਤੌਰ 'ਤੇ ਖੁਸ਼ਹਾਲ ਹੋਣ ਦੇ ਨਾਲ-ਨਾਲ ਅਨੇਕਾਂ ਪੰਜਾਬੀ ਉਥੋਂ ਦੇ ਸਿਆਸੀ ਖੇਤਰ ਵਿਚ ਵੀ ਕਾਰਜ਼ਸ਼ੀਲ ਹਨ।ਪਰ ਪੱਤਰਕਾਰੀ ਅਤੇ ਕਲਾ ਦੇ ਖੇਤਰ ਨਾਲ ਸਬੰਧਤ ਪੰਜਾਬੀਆਂ ਦੀ ਘੱਟ ਹੀ ਹੈ ਜੋ ਸਿਆ-ਸਤ ਦੇ ਖੇਤਰ ਵਿਚ ਵੀ ਸਰਗਰਮ ਹੋਣ।ਪਰ ਆਦਮਪੁਰ ਨੇੜੇ ਪਿੰਡ ਹਰੀਪੁਰ (ਜਲੰਧਰ) ਦੇ ਮਾਸਟਰ ਅਮਰੀਕ ਸਿੰਘ ਦੇ ਪੁੱਤਰ ਪੱਤਰਕਾਰ ਅਤੇ ਸਾਹਿਤ ਤੇ ਰੰਗਮੰਚ ਦਾ ਪਾਰਖੂ ਜਸਬੀਰ ਦਿਓਲ ਨੇ ਕੇਨੈਡਾ ਦੇ ਸ਼ਹਿਰ ਐਡਮਿੰਟਨ ਦੇ ਮੈਡੋਜ਼ ਹਲਕੇ ਤੋਂ ਐਨ.ਡੀ.ਪੀ. ਪਾਰਟੀ ਦਾ ਵਧਾਇਕ ਬਣਕੇ ਉਸ ਘੱਟ ਗਿਣਤੀ ਵਿਚ ਇਕ ਨਾਂ ਹੋਰ ਸ਼ੁਮਾਰ ਕਰ ਦਿੱਤਾ ਹੈ।ਇਸ ਤੋਂ ਪਹਿਲਾਂ ਐਡਮਿੰਟਨ ਦੇ ਰੰਗਕਰਮੀ ਅਮਰਜੀਤ ਸੋਹੀ ਵੀ ਕੈਨੇਡਾ ਦੀ ਮੌਜੂਦਾ ਕੇਂਦਰੀ ਸਰਕਾਰ ਵਿਚ ਮੰਤਰੀ ਹਨ। ਇਹ ਜਾਣਕਾਰੀ ਦਿੰਦੇ ਨਾਟ-ਕਰਮੀ ਸੰਜੀਵਨ ਸਿੰਘ ਨੇ ਦਿੰਦੇ ਕਿਹਾ ਕਿ ਸ੍ਰੀ ਦਿਓਲ ਦਾ ਨਾਂ ਐਡਮਿੰਟਨ ਦੀ ਪੱਤਰਕਾਰੀ ਦੇ ਖੇਤਰ ਦੇ ਨਾਲ ਨਾਲ ਸਾਹਿਤਕ ਅਤੇ ਨਾਟਕੀ ਗਤੀਵਿਧੀਆਂ ਨੂੰ ਉਤਸ਼ਾਹਤ ਕਰਨ ਲਈ ਚੋਣਵੇਂ ਨਾਵਾਂ ਵਿਚ ਸ਼ੁਮਾਰ ਹੁੰਦਾ ਹੈ। ਸਰਘੀ ਪ੍ਰੀਵਾਰ ਦੇ ਰੰਗਕਰਮੀ ਅਤੇ ਟੀ.ਵੀ. ਅਤੇ ਫਿਲਮਾਂ ਦੇ ਕਲਾਕਾਰ ਸੰਜੀਵ ਦੀਵਾਨ, ਰੰਜੀਵਨ ਸਿੰਘ, ਲਖਵਿੰਦਰ ਸਿੰਘ, ਮਨੀ ਸਭਰਵਾਲ, ਗੁਰਪ੍ਰੀਤ ਧਾਲੀਵਾਲ ਤੇ ਰਿੱਤੂਰਾਗ ਕੌਰ ਅਤੇ ਅਹੁੱਦੇਦਾਰ ਅਸ਼ੋਕ ਬਜਹੇੜੀ, ਕੁਲਵਿੰਦਰ ਬਾਵਾ, ਮੇਜਰ ਨਾਗਰਾ (ਟਰਾਂਟੋ), ਡਾ. ਜਸਵੰਤ ਸਿੰਘ, ਕ੍ਰਿਸ਼ਣ ਲਾਲ ਸੈਣੀ,ਮਨੋਜ ਅਗਰਵਾਲ ਅਤੇ ਗੁਰਿੰਦਰਜੀਤ ਸਿੰਘ ਨੇ ਵੀ ਜਸਬੀਰ ਦਿਓਲ ਨੂੰ ਵਧਾਇਕ ਬਨਣ 'ਤੇ ਵਧਾਈ ਦਿੰਦੇ ਹੋਰ ਬੁਲੰਦੀਆਂ ਛੋਹਣ ਦੀ ਕਾਮਨਾ ਕੀਤੀ।

# ਪੰਜਾਬੀ ਬਿਜਨਸ ਪ੍ਰੋਫੈਸ਼ਨਲ ਐਸੋਸ਼ੀਏਸ਼ਨ ਨੇ ਸੈਮੀਨਾਰ ਕਰਵਾਇਆ




ਬਰੈਂਪਟਨ : ਪੰਜਾਬੀ ਬਿਜਨਸ ਪ੍ਰੋਫੈਸ਼ਨਲ ਐਸੋਸੀਏਸ਼ਨ ਵੱਲੋਂ 19 ਮਈ 2019 ਨੂੰ ਸੈਂਚਰੀ ਗਾਰਡਨ ਰੀਕਰੇਸ਼ਨ ਸੈਂਟਰ ਬਰੈਂਪਟਨ ਵਿਖੇ ਇੰਸ਼ੋਰੈਂਸ ਤੇ ਸੈਮੀਨਾਰ ਕਰਵਾਇਆ ਗਿਆ। ਭਾਰੀ ਗਿਣਤੀ ਵਿਚ ਮੈਂਬਰਾਂ ਨੇ ਹਿੱਸਾ ਲਿਆ। ਸੈਮੀਨਾਰ ਦੀ ਸ਼ੁਰੂਆਤ ਤੇਜਿੰਦਰਪਾਲ ਸਿੰਘ ਚੀਮਾ ਨੇ ਫੀਤਾ ਕੱਟ ਕੇ ਕੀਤੀ। ਸ਼ਮ੍ਹਾਂ ਰੌਸ਼ਨ ਕਰਨ ਦੀ ਰਸਮ ਰਮਨਦੀਪ ਸਿੰਘ ਬਰਾੜ ਬਰੈਂਪਟਨ ਸਾਊਥ ਤੋਂ ਕੰਜ਼ਰਵੇਟਿਵ ਪਾਰਟੀ ਦੇ ਐਮ.ਪੀ. ਦੇ ਉਮੀਦਵਾਰ ਅਤੇ ਗੁਰਦਰਸ਼ਨ ਸਿੰਘ ਸੀਰਾ ਨੇ ਕੀਤੀ। ਇੰਸ਼ੋਰੈਂਸ ਬਾਰੇ ਸਿਰਮ ਸਿੱਧੂ ਡਾਇਮੰਡ ਇੰਸ਼ੋਰੈਂਸ ਤੋਂ ਅਤੇ ਜਗਮੋਹਨ ਸਿੰਘ ਸਫੀਅਰ ਇੰਸ਼ੋਰੈਂਸ ਤੋਂ ਨੇ ਆਪਣੇ ਭਾਸ਼ਨਾ ਵਿਚ ਵਡਮੁੱਲੀ ਜਾਣਕਾਰੀ ਦਿੱਤੀ ਅਤੇ ਇੰਸ਼ੋਰੈਂਸ ਬਾਰੇ ਸਰਲ ਭਾਸ਼ਾ ਵਿਚ ਬਰੀਕੀਆਂ ਬਾਰੇ ਦੱਸਿਆ। ਅਤੁਲ ਮਹਿਰਾ ਚੜ੍ਹਦੀਕਲਾ ਤੇ ਖੁਸ਼ ਰਹਿਣ ਦੀ ਮਹੱਤਤਾ ਬਾਰੇ ਦੱਸਿਆ। ਸ੍ਰੀਮਤੀ ਸ਼ਹੀਨਾ ਕੇਸ਼ਵਰ ਨੇ ਸਰੋਤਿਆਂ ਨੂੰ ਸੰਬੋਧਨ ਕੀਤਾ ਤੇ ਸੰਸਥਾ ਵਲੋਂ ਕੀਤੇ ਗਏ ਕੰਮਾ ਦੀ ਸਰਾਹਨਾ ਕੀਤੀ। ਪ੍ਰਬੰਧਕਾਂ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕਰਨ ਦਾ ਐਲਾਨ ਕੀਤਾ। ਇਹ ਗੋਲਡ ਮੈਡਲ 30 ਜੂਨ 2019 ਨੂੰ ਵਰਡਲ ਪੰਜਾਬੀ ਕਾਨਫਰੰਸ ਦੇ ਆਖਰੀ ਦਿਨ ਦਿੱਤੇ ਜਾਣਗੇ। ਸ੍ਰੀ ਰੌਸ਼ਨ ਪਾਠਕ ਨੇ ਸੰਸਥਾ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਹਮੇਸ਼ਾਂ ਲਈ ਸਹੀ ਕਾਰਜ ਲਈ ਮੱਦਦ ਦਾ ਐਲਾਨ ਕੀਤਾ।ਰਮਨਦੀਪ, ਹੀਰਾ ਧਾਰੀਵਾਲ ਅਤੇ ਬਰਾੜ ਨੇ ਸਰੋਤਿਆਂ ਦਾ ਮਨੋਰੰਜਨ ਸਭਿਆਚਾਰਕ ਪ੍ਰੋਗਰਾਮ ਨਾਲ ਮਨੋਰੰਜਨ ਕੀਤਾ। ਰਵੀ ਸਿੰਘ ਕੰਗ ਨੇ ਆਏ ਹੋਏ ਸੱਜਣਾ ਦਾ ਧੰਨਵਾਦ ਕੀਤਾ।

ਅਜੈਬ ਸਿੰਘ ਚੱਠਾ ਨੇ ਪੱਬਪਾ ਸੰਸਥਾ ਬਾਰੇ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਇਹ ਸੰਸਥਾ 2012 ਵਿਚ ਹੋਂਦ ਵਿਚ ਆਈ। ਇਹ ਸੰਸਥਾ ਦੋ ਵਰਲਡ ਪੰਜਾਬੀ ਕਾਨਫਰੰਸਾਂ ਪਹਿਲਾਂ ਕਰਵਾ ਚੁੱਕੀ ਹੈ ਅਤੇ ਹੁਣ ਹੋਣ ਵਾਲੀ 28, 29 ਅਤੇ 30 ਜੂਨ ਨੂੰ ਵਰਲਡ ਪੰਜਾਬੀ ਕਾਨਫਰੰਸ ਵਿਚ ਅਹਿਮ ਭੂਮਿਕਾ ਨਿਭਾਅ ਰਹੀ ਹੈ। ਤਿੰਨ ਇੰਟਰਨੈਸ਼ਨਲ ਸੈਮੀਨਾਰ ਤੇ 5 ਗਾਲਾ ਨਾਈਟਾਂ ਕਰਵਾ ਚੁੱਕੀ ਹੈ।ਹਾਜਰੀਨ ਮੈਂਬਰਾਂ ਵਿਚ ਮਹਿੰਦਰ ਸਿੰਘ ਸਿੱਧੂ, ਡਾ. ਰਮਨੀ ਬਤਰਾ, ਕਨਕਾ ਬਤਰਾ, ਮਨਜਿੰਦਰ ਸਹੋਤਾ, ਡਾ. ਰਾਜੇਸ਼ ਬਤਰਾ, ਬਲਵਿੰਦਰ ਕੌਰ ਚੱਠਾ, ਸੂਰਜ ਸਿੰਘ ਚੌਹਾਨ, ਅਜਵਿੰਦਰ ਸਿੰਘ ਚੱਠਾ, ਓਂਟਾਰੀਓ ਫਰੈਡਜ਼ ਕਲੱਬ ਦੀ ਟੀਮ ਆਦਿ ਹਾਜਰ ਸਨ। ਪੱਬਪਾ ਦੇ ਸਕੱਤਰ ਸੰਤੋਖ ਸਿੰਘ ਸੰਧੂ ਨੇ ਸਟੇਜ਼ ਦੀ ਜ਼ਿੰਮੇਵਾਰੀ ਵਧੀਆ ਢੰਗ ਨਾਲ ਨਿਭਾਈ।

# ਫ਼ਾਦਰ ਟੌਬਿਨ ਸੀਨੀਅਰਜ਼ ਕਲੱਬ ਦੇ ਜਨਰਲ ਇਜਲਾਸ 'ਚ ਪਿਛਲੀ ਕਾਰਜਕਾਰਨੀ ਨੂੰ ਹੋਰ ਦੋ ਸਾਲ ਲਈ ਮੁੜ ਚੁਣ ਲਿਆ ਗਿਆ

ਬਰੈਂਪਟਨ, (ਡਾ. ਝੰਡ) -ਪ੍ਰਾਪਤ ਜਾਣਕਾਰੀ ਅਨੁਸਾਰ ਬੀਤੇ ਦਿਨੀਂ 13 ਮਈ ਨੂੰ ਫ਼ਾਦਰ ਟੌਬਿਨ ਸੀਨੀਅਰਜ਼ ਕਲੱਬ ਦਾ ਜਨਰਲ ਅਜਲਾਸ ਸ. ਰਣਜੀਤ ਸਿੰਘ ਤੱਗੜ ਦੀ ਪ੍ਰਧਾਨਗੀ ਹੇਠ ਹੋਇਆ ਜਿਸ ਦਾ ਮੁੱਖ-ਏਜੰਡਾ ਇਸ ਕਲੱਬ ਦੀ ਨਵੀਂ ਕਾਰਜਕਾਰਨੀ ਕਮੇਟੀ ਦੀ ਆਉਂਦੇ ਦੋ ਸਾਲਾਂ ਲਈ ਚੋਣ ਕਰਨਾ ਸੀ। ਇਸ ਦੌਰਾਨ ਇਕਬਾਲ ਸਿੰਘ ਗਿੱਲ ਨੇ ਆਪਣਾ ਸੁਝਾਅ ਰੱਖਦਆਂ ਹੋਇਆਂ ਮੌਜੂਦਾ ਕਾਰਜਕਾਰਨੀ ਨੂੰ ਹੀ ਹੋਰ ਦੋ ਸਾਲ ਭਾਵ 2019-20 ਅਤੇ 2020-21 ਲਈ ਕੰਮ ਕਰਦੇ ਰਹਿਣ ਲਈ ਮਤਾ ਪੇਸ਼ ਕੀਤਾ। ਇਜਲਾਸ ਵਿਚ ਮੌਜੂਦ ਸਮੂਹ ਮੈਂਬਰਾਂ ਵੱਲੋਂ ਇਸ ਮਤੇ ਨੂੰ ਹੱਥ ਖੜੇ ਕਰਕੇ ਸਰਬ-ਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ ਅਤੇ ਇਸ ਦੇ ਨਾਲ ਹੀ ਕਾਰਜਕਾਰਨੀ ਕਮੇਟੀ ਵਿਚ ਲੋੜ ਅਨੁਸਾਰ ਹੋਰ ਨਿਯੁਕਤੀਆਂ ਕਰਨ ਦੇ ਅਧਿਕਾਰ ਵੀ ਕਲੱਬ ਦੇ ਪ੍ਰਧਾਨ ਰਣਜੀਤ ਸਿੰਘ ਤੱਗੜ ਨੂੰ ਦਿੱਤੇ ਗਏ।

ਇਸ ਤਰ੍ਹਾਂ ਇਸ ਕਲੱਬ ਦੀ ਹੇਠ-ਲਿਖੀ ਕਾਰਜਕਾਰਨੀ ਕਮੇਟੀ ਅਗਲੇ ਦੋ ਸਾਲਾਂ ਲਈ ਹੋਂਦ ਵਿਚ ਆਈ:

1. ਰਣਜੀਤ ਸਿੰਘ ਤੱਗੜ (ਪ੍ਰਧਾਨ)
2. ਨਿਰਮਲ ਸਿੰਘ ਢੱਡਵਾਲ (ਮੀਤ-ਪ੍ਰਧਾਨ)
3. ਬੰਤ ਸਿੰਘ ਰਾਓ (ਜਨਰਲ ਸਕੱਤਰ)
4. ਰਣਜੀਤ ਸਿੰਘ ਸਮਰਾ (ਆਨਰੇਰੀ ਖ਼ਜ਼ਾਨਚੀ)

ਕਲੱਬ ਦੇ ਪਹਿਲੇ ਡਾਇਰੈੱਕਟਰਾਂ ਵਿਚ ਇਕ ਨਵਾਂ ਨਾਂ ਹਰਜਿੰਦਰ ਸਿੰਘ ਢੀਂਡਸਾ ਸ਼ਾਮਲ ਕੀਤਾ ਗਿਆ। ਇਸ ਦੌਰਾਨ ਮੰਚ-ਸੰਚਾਲਨ ਦੀ ਜ਼ਿੰਮੇਂਵਾਰੀ ਕਰਤਾਰ ਸਿੰਘ ਚਾਹਲ ਨੇ ਬਾਖ਼ੂਬੀ ਨਿਭਾਈ। ਗੁਰਮੇਲ ਸਿੰਘ ਗਿੱਲ (ਡਾਇਰੈੱਕਟਰ) ਨੇ ਸ਼ਿਵ ਕੁਮਾਰ ਬਟਾਲਵੀ ਅਤੇ ਸੁਰਜੀਤ ਪਾਤਰ ਦੀਆਂ ਰਚਨਾਵਾਂ ਤਰੱਨਮ ਵਿਚ ਗਾ ਕੇ ਮਾਹੌਲ ਸੰਗੀਤਮਈ ਬਣਾ ਦਿੱਤਾ। ਬੁਲਾਰਿਆਂ ਵਿਚ ਬਚਿੱਤਰ ਸਿੰਘ ਸਰਾਂ, ਇਕਬਾਲ ਘੋਲੀਆ, ਰਣਜੀਤ ਸਿੰਘ ਤੱਗੜ, ਅਤੇ ਬੰਤ ਸਿੰਘ ਰਾਓ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਹਾਊਸ ਦੇ ਸਮੂਹ-ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

ਭਾਰੀ ਬਾਰਸ਼ ਦੇ ਬਾਵਜੂਦ ਬੀਬੀ ਅੰਮ੍ਰਿਤਪਾਲ ਚਾਹਲ (ਡਾਇਰੈੱਕਟਰ) ਨੇ ਇਸ ਇਜਲਾਸ ਆਪਣੀ ਹਾਜ਼ਰੀ ਲੁਆਈ। ਇਜਲਾਸ ਦੌਰਾਨ ਚਾਹ-ਪਾਣੀ ਦਾ ਲੰਗਰ ਨਿਰਮਲ ਸਿੰਘ ਢਡਵਾਲ ਤੇ ਬੀਬੀ ਭਜਨ ਕੌਰ ਢਡਵਾਲ ਵੱਲੋਂ ਤਿਆਰ ਕੀਤਾ ਗਿਆ। ਚਾਹ ਨਾਲ ਸਮੋਸੇ, ਬਰਫ਼ੀ ਆਦਿ ਦਾ ਪ੍ਰਬੰਧ ਟਹਿਲ ਸਿੰਘ ਮੁੰਡੀ ਵੱਲੋਂ ਕੀਤਾ ਗਿਆ। ਇਜਲਾਸ ਵਿਚ ਫ਼ੋਟੋਗ੍ਰਾਫ਼ੀ ਦੀ ਸੇਵਾ ਬਲਵੀਰ ਸਿੰਘ ਧਾਲੀਵਾਲ ਵੱਲੋਂ ਨਿਭਾਈ ਗਈ। ਇਸ ਤਰ੍ਹਾਂ ਗਰਮੀਆਂ ਦੇ ਮੌਸਮ ਦੌਰਾਨ ਅਗਲੇ ਪ੍ਰੋਗਰਾਮ ਦੀ ਉਡੀਕ ਵਿਚ ਇਸ ਇਜਲਾਸ ਦੀ ਖ਼ੁਸ਼ੀ ਖ਼ੁਸ਼ੀ ਸਮਾਪਤੀ ਹੋਈ।


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7


# ਹਮਿਲਟਨ ਵਿਖੇ 12 ਤੋਂ 15 ਜੂਨ ਤੱਕ ਚੱਲੇਗਾ 'ਫੀਲਡੇਅਜ਼' ਮੇਲਾ-ਲੱਗਣਗੀਆਂ ਹਜ਼ਾਰਾਂ ਪ੍ਰਦਰਸ਼ਨੀਆਂ

## 51ਵੇਂ ਸਾਲ ਦੇ ਸਫਰ ਵਿਚ ਹੈ ਇਹ ਵਿਸ਼ਾਲ ਮੇਲਾ-ਭਾਰਤੀ ਖੇਤੀ ਬਾੜੀ ਕੰਪਨੀਆਂ ਦੀ ਨਹੀਂ ਅਜੇ ਰਜਿਟ੍ਰੇਸ਼ਨ ਭਾਰਤੀ ਗਹਿਣੇ, ਜੈਪੁਰੀ ਸ਼ਾਲ, ਲੁਧਿਆਣਾ ਦੀ ਉਨ, ਮਨਾਲੀ ਤੋਂ ਪਹੁੰਚੇਗਾ ਵਿਸ਼ੇਸ਼ ਸਾਮਾਨ



ਨਿਊਜ਼ੀਲੈਂਡ ਵਿਖੇ ਹੋਣ ਵਾਲੇ ਖੇਤੀਬਾੜੀ ਮੇਲੇ ਦੀ ਇਕ ਪੁਰਾਣੀ ਝਲਕ ਅਤੇ ਪਹਿਲੀ ਵਾਰ ਭਾਰਤੀ ਵਸਤਰ ਵੇਚਣ ਵਾਲੀ ਗੋਰੀ ਇਸਤਰੀ ਐਂਡਰੀਆ ਮਕੈਨਜੀ।

ਆਕਲੈਂਡ 20 ਮਈ (ਹਰਜਿੰਦਰ ਸਿੰਘ ਬਸਿਆਲਾ)-ਜਿਹੜੇ ਜਿਮੀਦਾਰਾਂ ਨੇ ਪੰਜਾਬ ਦੇ ਖੇਤੀਬਾੜੀ ਮੇਲੇ ਵੇਖੇ ਹਨ ਉਹ ਨਿਊਜ਼ੀਲੈਂਡ ਦਾ ਖੇਤੀਬਾੜੀ ਮੇਲਾ 'ਫੀਲਡੇਅਜ਼' ਇਕ ਵਾਰ ਜਰੂਰ ਵੇਖਣ। ਐਨਾ ਵੱਡਾ ਫਰਕ ਨਜ਼ਰ ਆਵੇਗਾ ਕਿ ਦਿਲ ਕਰੇਗਾ ਆਪਣੇ ਦੇਸ਼ ਵੀ ਅਜਿਹਾ ਮੇਲਾ ਲਗਦਾ ਹੋਵੇ। 12 ਤੋਂ 15 ਜੂਨ ਤੱਕ ਇਹ ਮੇਲਾ ਮਾਇਸਟਰੀ ਕ੍ਰੀਕ ਹਮਿਲਟਨ ਵਿਖੇ ਲਗ ਰਿਹਾ ਹੈ। ਇਸ ਵਾਰ ਇਹ ਮੇਲਾ 51ਵੇਂ ਸਾਲ ਵਿਚ ਦਾਖਲ ਹੋ ਚੁੱਕਾ ਹੈ। ਇਸ ਮੇਲੇ ਦੇ ਵਿਚ 1000 ਤੋਂ ਵੱਧ ਸਟਾਲ ਹੋਣਗੇ ਅਤੇ ਡੇਢ ਲੱਖ ਤੋਂ ਵੱਧ ਲੋਕ ਪਹੁੰਚਣਗੇ। ਬੀਤੇ ਸਮੇਂ ਦੇ ਵਿਚ ਇਥੇ ਕੁਝ ਭਾਰਤੀ ਕੰਪਨੀਆਂ ਵੀ ਹਿੱਸਾ ਲੈਂਦੀਆਂ ਰਹੀਆਂ ਹਨ ਪਰ ਇਸ ਵਾਰ ਅਜੇ ਤੱਕ ਕੋਈ ਰਜਿਸਟ੍ਰੇਸ਼ਨ ਨਹੀਂ ਹੋਈ ਹੈ। ਇਸ ਸਬੰਧੀ ਈਮੇਲ ਭੇਜ ਕੇ ਜਾਣਕਾਰੀ ਹਾਸਿਲ ਕੀਤੀ ਗਈ ਸੀ। ਪਰ ਇਸਦੇ ਬਾਵਜੂਦ ਭਾਰਤੀ ਖਾਣੇ ਵਾਸਤੇ ਇਕ ਰੈਸਟੋਰੈਂਟ (ਹੈਲੋ ਇੰਡੀਆ) ਰਹੇਗਾ। ਮੈਡਮ ਐਂਡਰੀਆ ਮਕੈਨਜੀ ਜੋ ਕਿ ਇੰਡੀਆ ਸਟਾਇਲ (9ndia Style: S9"5 LO31"9ON:"3154 Pashmina and Woollen, Shawls,Stoles, and Men@s Scarves. 8omeware@s, "hrows and 3ushion 3overs. Jewellery and 1ccessories) ਬਿਜ਼ਨਸ ਚਲਾਉਂਦੇ ਹਨ ਅਤੇ ਪਿਛਲੇ 30 ਸਾਲਾਂ ਤੋਂ ਇੰਡੀਆ ਜਾਂਦੇ-ਆਉਂਦੇ ਰਹਿੰਦੇ ਹਨ, ਇਸ ਵਾਰ ਭਾਰਤੀ ਵਸਤਰਾਂ ਤੇ ਗਹਿਣਿਆਂ ਦੀ ਪ੍ਰਦਰਸ਼ਨੀ ਲਗਾਉਣਗੇ। ਜਿਨ੍ਹਾਂ ਵਿਚ ਲੁਧਿਆਣਾ ਦੇ ਊਨੀ ਕੱਪੜੇ, ਸਿਲਕੀ ਕੱਪੜੇ, ਸ਼ਾਲ, ਸਕਾਵ, ਸੂਤੀ ਵਸਤਰ, ਪਸ਼ਮੀਨਾ ਆਦਿ ਸ਼ਾਮਿਲ ਹੋਣਗੇ। ਇਹ ਸਾਰਾ ਭਾਰਤੀ ਸਮਾਨ ਦਿੱਲੀ, ਪੰਜਾਬ, ਮਨਾਲੀ ਅਤੇ ਜੈਪੁਰ ਤੋਂ ਆ ਰਿਹਾ ਹੈ।

ਇਥੇ ਕਾਰਾਂ, ਟ੍ਰੈਕਟਰ, ਖੇਤੀਬਾੜੀ ਸੰਦ ਅਤੇ ਹੋਰ ਸਾਮਾਨ ਆਦਿ ਖਰੀਦਣ ਵਾਸਤੇ ਵਿਸ਼ੇਸ਼ ਤੌਰ 'ਤੇ ਛੋਟ ਦਿੱਤੀ ਜਾਂਦੀ ਹੈ। ਟਰੈਕਟਰ, ਫਾਲੇ, ਤਵੀਆਂ, ਡੇਅਰੀ ਫਾਰਮਿੰਗ, ਫੰਨ, ਮੋਟਰਸਾਈਕਲ, ਲੱਕੜ ਦਾ ਕੰਮ, ਖਾਦਾਂ ਖਿਲਾਰਨ ਵਾਲੀਆਂ ਮਸ਼ੀਨਾਂ, ਵੱਡੇ-ਵੱਡੇ ਟ੍ਰੈਕਟਰ, ਪੁਰਾਣੇ ਟਰੈਕਟਰ, ਇੰਜਣ, ਮੋਟਰਾਂ ਅਤੇ ਹੋਰ ਪਤਾ ਨਹੀਂ ਕੀ ਕੁਝ ਵੇਖਣ ਨੂੰ ਮਿਲੇਗਾ। ਸੋ ਟਿਕਟਾਂ ਦੀ ਵਿਕਰੀ ਵੀ ਜਾਰੀ ਹੈ। ਪ੍ਰਤੀ ਦਿਨ ਪ੍ਰਤੀ ਟਿਕਟ ਕੀਮਤ 30 ਡਾਲਰ ਹੈ ਅਤੇ ਚਾਰ ਦਿਨ ਲਈ 90 ਡਾਲਰ ਲੱਗਣਗੇ।

# ਕਬੱਡੀ ਫੈਡਰੇਸ਼ਨ ਵੱਲੋਂ ਕਬੱਡੀ ਨੂੰ ਨਸ਼ਾ ਮੁਕਤ ਰੱਖਣ ਦਾ ਫੈਸਲਾ



ਆਕਲੈਂਡ, 21 ਮਈ (ਹਰਜਿੰਦਰ ਸਿੰਘ ਬਸਿਆਲਾ)- 'ਨਿਊਜ਼ੀਲੈਂਡ ਕਬੱਡ ਫੈਡਰੇਸ਼ਨ' ਨੇ ਇਕ ਅਹਿਮ ਫੈਸਲਾ ਲੈਂਦਿਆਂ ਕੱਬਡੀ ਖੇਡ ਦੇ ਖਿਡਾਰੀਆਂ ਅਤੇ ਨਸ਼ਿਆਂ ਵਿਚਕਾਰ ਇਕ ਲਕੀਰ ਖਿੱਚ ਦਿੱਤੀ ਹੈ। ਇਸਦ ਮਤਲਬ ਇਹ ਹੋਵੇਗਾ ਕਿ ਖਿਡਾਰੀਆਂ ਨੂੰ ਨਸ਼ਾ ਮੁਕਤ ਰਹਿ ਕੇ ਖੇਡਣ ਦਾ ਮੌਕਾ ਹੀ ਮਿਲਿਆ ਕਰੇਗਾ। ਜੇਕਰ ਕੋਈ ਵੀ ਖਿਡਾਰੀ ਨਸ਼ਾ ਕਰਨ ਦੇ ਟੈਸਟ (ਡੋਪ) ਵਿਚ ਪਾਜ਼ੇਟਿਵ ਪਾਇਆ ਗਿਆ ਤਾਂ ਉਹ ਨਿਊਜ਼ੀਲੈਂਡ ਦੇ 'ਚ ਇਸ ਫੈਡਰੇਸ਼ਨ ਦੀ ਸਰਪ੍ਰਸਤੀ ਹੇਠ ਹੁੰਦੇ ਮੈਚਾਂ ਦੇ ਵਿਚ ਭਾਗ ਨਹੀਂ ਲੈ ਸਕੇਗਾ। ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਹਰਪ੍ਰੀਤ ਸਿੰਘ ਗਿੱਲ, ਸਕੱਤਰ ਤੀਰਥ ਸਿੰਘ ਅਟਵਾਲ ਅਤੇ ਬੁਲਾਰੇ ਵਰਿੰਦਰ ਸਿੰਘ ਬਰੇਲੀ ਨੇ ਇਸ ਸਬੰਧੀ ਸਾਂਝੀ ਕਾਨਫਰੰਸ ਕਰਕੇ ਅਜਿਹਾ ਐਲਾਨ ਕੀਤਾ ਹੈ।

'ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ' ਨੇ ਨਾਰਥ ਇੰਡੀਆ ਕਬੱਡੀ ਫੈਡਰੇਸ਼ਨ ਅਤੇ ਹੋਰ ਮੁਲਕਾਂ ਦੀਆਂ ਕਬੱਡੀ ਫੈਡਰੇਸ਼ਨਾਂ ਦੀ 'ਡਰੱਗ ਫ੍ਰੀ' ਨੀਤੀ ਦਾ ਸਾਥ ਦਿੰਦਿਆ ਇਹ ਫੈਸਲਾ ਲਿਆ ਹੈ। ਜੇਕਰ ਕੋਈ ਇੰਡੀਆ ਦੇ ਵਿਚ ਡਰੱਗ ਟੈਸਟ 'ਚ ਪਾਜ਼ੇਟਿਵ ਪਾਇਆ ਜਾਂਦਾ ਹੈ ਤਾਂ ਉਸਨੂੰ ਫੈਡਰੇਸ਼ਨ ਸਬੰਧਿਤ ਖੇਡ ਕਲੱਬਾਂ ਵੱਲੋਂ ਨਿਊਜ਼ੀਲੈਂਡ ਨਹੀਂ ਬੁਲਾਇਆ ਜਾਵੇਗਾ। ਜੇਕਰ ਕਿਸੇ ਖਿਡਾਰੀ ਦਾ ਇਥੇ ਆ ਕੇ ਡਰੱਗ ਟੈਸਟ ਪਾਜ਼ੇਟਿਵ ਪਾਇਆ ਜਾਂਦਾ ਹੈ ਤਾਂ ਉਹ ਖਿਡਾਰੀ ਜਿੱਥੇ ਇਥੇ ਖੇਡ ਨਹੀਂ ਸਕੇਗਾ ਅਤੇ ਉਸਨੂੰ ਕੋਈ ਖਰਚਾ ਜਾਂ ਹੋਰ ਆਰਥਿਕ ਮਦਦ ਨਹੀਂ ਦਿੱਤੀ ਜਾਵੇਗੀ। ਇਸ ਤੋਂ ਅੱਗੇ ਉਹ ਖਿਡਾਰੀ ਇੰਡੀਆ ਦੇ ਵਿਚ ਵੀ ਖੇਡਣਯੋਗ ਨਹੀਂ ਮੰਨਿਆ ਜਾਵੇਗਾ। ਇਹ ਨਸ਼ਾ ਮੁਕਤ ਕਬੱਡੀ ਨੀਤੀ ਸਥਾਨਕ ਕਬੱਡੀ ਮੈਚਾਂ ਦੇ ਵਿਚ ਵੀ ਅਪਨਾਈ ਜਾਵੇਗੀ। ਇਸਦੀ ਸਹਿਮਤੀ ਫੈਡਰੇਸ਼ਨ ਨਾਲ ਸਬੰਧਿਤ ਸਾਰੀਆਂ ਖੇਡ ਕਲੱਬਾਂ ਨੇ ਦੇ ਦਿੱਤੀ ਹੈ। ਇੰਡੀਆ ਦਾ ਹੋਇਆ ਡਰੱਗ ਟੈਸਟ ਭਾਵੇਂ ਉਹ ਨੈਗੇਟਿਵ ਹੋਵੇ ਪਰ ਇਥੇ ਆਉਣ ਉਤੇ ਦੁਬਾਰਾ ਟੈਸਟ ਕਰਵਾਇਆ ਜਾ ਸਕੇਗਾ।

ਆਸਟਰੇਲੀਆ ਤੋਂ ਆਏ ਕਬੱਡੀ ਖਿਡਾਰੀ ਰਾਣਾ ਜੀ, ਜਗਦੇਵ ਸਿੰਘ ਜੱਗੀ ਰਾਮੂਵਾਲੀਆ ਅਤੇ ਜੱਸਾ ਬੋਲੀਨਾ ਨੇ ਵੀ ਕਬੱਡੀ ਨੂੰ ਨਸ਼ਾ ਮੁਕਤ ਕਰਨ ਲਈ ਕੀਤੇ ਗਏ ਅਹਿਮ ਐਲਾਨ ਦਾ ਸਵਾਗਤ ਕੀਤਾ। ਰਾਣਾ ਜੀ ਨੇ ਨਸ਼ਿਆਂ ਦੇ ਕਾਰਨ ਕਬੱਡੀ ਸਟਾਰਾਂ ਦਾ ਬੇਵਕਤੀ ਮੌਤੇ ਤੁਰ ਜਾਣ ਦੀਆਂ ਖਬਰਾਂ ਉਤੇ ਬਹੁਤ ਦੁੱਖ ਪ੍ਰਗਟ ਕੀਤਾ। ਕਬੱਡੀ ਖਿਡਾਰੀ ਮੰਗਾ ਭੰਡਾਲ ਅਤੇ ਰਾਜਾ ਬੁਟਰ ਨੇ ਵੀ 'ਡ੍ਰਗ ਫ੍ਰੀ' ਕੱਬਡੀ ਰੱਖਣ ਦੇ ਫੈਸਲੇ ਨੂੰ ਵਧੀਆ ਫੈਸਲਾ ਐਲਾਨਿਆ। ਆਉਣ ਵਾਲੇ ਟੂਰਨਾਮੈਂਟਾਂ ਦੇ ਵਿਚ ਇਨ੍ਹਾਂ ਫੈਸਲਿਆਂ ਦਾ ਅਸਰ ਵੇਖਿਆ ਜਾ ਸਕੇਗਾ। ਪੰਜਾਬੀ ਮੀਡੀਆ ਤੋਂ ਸ. ਨਵਤੇਜ ਰੰਧਾਵਾ, ਪਰਮਿੰਦਰ ਸਿੰਘ, ਸ. ਅਮਰਜੀਤ ਸਿੰਘ ਅਤੇ ਸ੍ਰੀ ਨਰਿੰਦਰ ਸਿੰਗਲਾ ਹਾਜ਼ਿਰ ਰਹੇ।

# ਇਟਲੀ 'ਚ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਇਟਾਲੀਅਨ ਜਰਨੈਲ ਵੇਨਤੂਰਾ ਦੀ ਯਾਦਗਾਰ 26 ਨੂੰ ਹੋਵੇਗੀ ਸਥਾਪਿਤ



ਜਨਰਲ ਵੈਨਤੂਰਾ ਤੇ ਮਹਾਰਾਜਾ ਰਣਜੀਤ ਸਿੰਘ ਦੀ ਸਾਂਝ ਨੂੰ ਦਰਸਾਉਂਦਾ ਯਾਦਗਾਰ ਵਜੋਂ ਸਥਾਪਿਤ ਕੀਤਾ ਜਾਣ ਵਾਲਾ ਫੋਟੋ ਚਿੱਤਰ।

ਰੋਮ, 21 ਮਈ (ਟੇਕ ਚੰਦ ਜਗਤਪੁਰ)- ਸ਼ੇਰ-ਏ -ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਿੱਖ ਰਾਜ ਦਾ ਸਨਿਹਰੀ ਰਾਜ ਰਿਹਾ ਹੈ।ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਭਾਰਤੀ ਫੌਜੀਆਂ ਦੇ ਨਾਲ਼ ਨਾਲ਼ ਵਿਦੇਸ਼ੀ ਮੁਲਕਾਂ ਨਾਲ਼ ਸਬੰਧਿਤ ਸੈਨਿਕ ਵੀ ਫੌਜ ਦਾ ਹਿੱਸਾ ਰਹੇ ਹਨ।ਇਸੇ ਪ੍ਰਕਾਰ ਇਟਲੀ ਦੇ ਫੀਨਾਲੇ ਈਮੀਲਆ ਸ਼ਹਿਰ ਨਾਲ਼ ਸਬੰਧਿਤ ਇਟਾਲੀਅਨ ਮੂਲ ਦਾ ਜਰਨੈਲ ਵੇਨਤੂਰਾ ਵੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦਾ ਇਕ ਹਿੱਸਾ ਬਣ ਕੇ ਜਿੱਥੇ ਫੌਜ ਨੂੰ ਜੰਗੀ ਕਰਤੱਬਾਂ ਦੀ ਸਿਖਲਾਈ ਦਿੰਦਾ ਰਿਹਾ,ਉੱਥੇ ਉਨ੍ਹਾਂ ਨੇ ਜੰਗੀ ਮੈਦਾਨ ਵਿੱਚ ਜਾ ਕੇ ਬਹਾਦਰੀ ਦਿਖਾ ਕੇ ਅਨੇਕਾਂ ਵਾਰੀ ਦੁਸ਼ਮਣਾਂ ਦੇ ਦੰਦ ਵੀ ਖੱਟੇ ਕੀਤੇ। ਜਨਰਲ ਵੇਤੂਰਾ ਦਾ ਜੱਦੀ ਘਰ ਇਟਲੀ ਦੇ ਫੀਨਾਲੇ ਈਮੀਲੀਆ ਸ਼ਹਿਰ ਵਿੱਚ ਅੱਜ ਵੀ ਸਥਿੱਤ ਹੈ ਜਿਸਦਾ ਪਤਾ ਲੱਗਣ ਤੇ ਇਟਲੀ ਦੀ ਸੰਸਥਾ ਸਿੱਖੀ ਸੇਵਾ ਸੁਸਾਇਟੀ ਇਟਲੀ ਨੇ ਯੁ ਕੇ ਦੀ ਐਂਸ ਕੇ ਫਾਊਡੇਸ਼ਨ ਦੇ ਸਹਿਯੋਗ ਨਾਲ਼ ਯਾਦਗਾਰ ਵਜੋਂ ਇਸ ਘਰ ਚ ਮਹਾਰ-ਾਜਾ ਰਣਜੀਤ ਸਿੰਘ ਅਤੇ ਵੇਨਤੂਰਾ ਦੇ ਚਿੱਤਰ ਵਾਲਾ ਤਾਬਾਮਈ ਧਾਂਤ ਵਾਲਾ ਚਿੰਨ੍ਹ ਸਥਾਪਿਤ ਕਰਨ ਦਾ ਫੈਸਲਾ ਕੀਤਾ ਜਿਸ ਦਾ ਰਸ਼ਮੀ ਸਥਾਪਨਾ ਮਿਤੀ 26 ਮਈ ਨੂੰ ਕੀਤੀ ਜਾਵੇਗੀ।ਸਿੱਖੀ ਸੇਵਾ ਸੁਸਾਇਟੀ ਇਟਲੀ ਦੇ ਗੁਰਸ਼ਰਨ ਸਿੰਘ ਤੇ ਜਗਜੀਤ ਸਿੰਘ ਨੇ ਦੱਸਿਆ ਕਿ ਇਸ ਸਮਾਗਮ ਦੌਰਾਨ ਐਂਸ ਕੇ ਫਾਊਡੇਸ਼ਨ ਯੂ ਕੇ ਤੋਂ ਬੌਬੀ ਬਾਂਸਲ,ਲਾਹੌਰ ਤੌਨ ਅਜੂਮ ਜੈਵਿਦ ਅਤੇ ਵਿਸ਼ਵ ਵਿਆਪੀ ਅਨੇਕਾਂ ਪ੍ਰਮੁੱਖ ਸ਼ਖਸ਼ੀਅਤਾਂ ਸ਼ਿਰਕਤ ਕਰਨਗੀਆਂ।

# ਸਿੱਖ ਪੰਜਾਬੀ ਯੂਥ ਕਲੱਬ ਰੋਜਵਿੱਲ ਵੱਲੋਂ ਕਲਚਰਲ ਪ੍ਰੋਗਰਾਮ 8 ਜੂਨ ਨੂੰ

ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ): ਹਰ ਵਰ੍ਹੇ ਸਿੱਖ ਪੰਜਾਬੀ ਯੂਥ ਕਲੱਬ ਰੋਜਵਿੱਲ ਵਲੋਂ ਕਰਵਾਇਆ ਜਾਂਦਾ ਸਭਿਆਚਾਰ ਪ੍ਰੋਗਰਾਮ ਐਤਕਾਂ 8 ਜੂਨ ਨੂੰ ਕਰਵ-ਾਇਆ ਜਾ ਰਿਹਾ ਹੈ, ਜਿਸ ਵਿੱਚ ਪੰਜਾਬੀ ਦੇ ਵੱਖ ਵੱਖ ਕਲਾਕਾਰ ਜਿਨਾਂ ਚ ਪੰਜਾਬ ਦੀ ਅਵਾਜ ਜਸਪਿੰ-ਦਰ ਰੈਨਾ, ਸਾਬੀ ਪਨੇਸਰ, ਬੇਅੰਤ ਬਾਵਾ, ਕੈਲੀਫੋਰਨੀਆ ਦੇ ਨੌਜੁਆਨ ਗਾਇਕ ਜੀਤਾ ਗਿੱਲ ਵਿਸ਼ੇਸ਼ ਤੌਰ ਤੇ ਸਮੂਲੀਅਤ ਕਰਨਗੇ, ਸਟੇਜ ਨੂੰ ਪੰਜਾਬੀ ਗਾਇਕ ਗੋਗੀ ਸੰਧੂ ਸੰਭਾਲਣਗੇ, ਇਸ ਮੌਕੇ ਪ੍ਰਬੰਧਕਾਂ ਚ ਸਲਵਿੰਦਰ ਪੱਡਾ, ਰਨਵੀਰ ਸੈਣੀ, ਹਰਦੀਪ ਗਿੱਲ ਤੇ ਚਰਨਕਮਲ ਸਿੰਘਨੇ ਦੱਸਿਆ ਕਿ ਇਹ ਪ੍ਰੋਗਰਾਮ ਦਾ ਅਯੋਜਿਨ 2551 ਵੁਡਕਰੀਕ ਓਕ ਬੁਲੇਵਾਡ ਰੋਜਵਿਲ ਵਿਖੇ ਹੋਵੇਗਾ ਤੇ ਇਹ ਪ੍ਰੋਗਰਾਮ ਨਿਰੋਲ ਸਭਿਆਰਕ ਹੋਵੇਗਾ ਤੇ ਸਕਿਉਰਿਟੀ ਦਾ ਪ੍ਰਬੰਧ ਹੋਵੇਗਾ ਤੇ ਇਸ ਤੋਂ ਇਲਾਵਾ ਗਿੱਧਾ ਤੇ ਭੰਗੜੇ ਦੀਆਂ ਟੀਮਾਂ ਦੀ ਅਕਰਸ਼ਣ ਹੋਵੇਗੀ।


KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਉ ਨਾਮ




ਕਰਤਾਰ ਫਰਨੀਚਰ

- ਅਸੀਂ ਸੌਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6

# ਸੰਪਾਦਕੀ

## ਫੰਡਾਂ ਵਿੱਚ ਕਟੌਤੀਆਂ ਅਤੇ ਆਪਾ ਵਿਰੋਧੀ ਸੁਨੇਹਿਆਂ ਦਾ ਝਮੇਲਾ

ਸੱਭ ਤੋਂ ਪਹਿਲਾਂ ਇੱਕ ਦੋ ਤੱਥਾਂ ਨੂੰ ਦੁਹਰਾ ਲਿਆ ਜਾਵੇ। ਪਹਿਲਾ ਇਹ ਕਿ ਡੱਗ ਫੋਰਡ ਸਰਕਾਰ ਨੇ ਪਿਛਲੀਆਂ ਚੋਣਾਂ ਬੇਲੋੜੇ ਖਰਚਿਆਂ ਵਿੱਚ ਕਟੌਤੀਆਂ ਕਰਨ ਦੇ ਨਾਅਰੇ ਉੱਤੇ ਲੜੀਆਂ ਸਨ। ਸੋ ਜੇ ਫੰਡਾਂ ਵਿੱਚ ਕਟੌਤੀਆਂ ਸਰਕਾਰ ਦੇ ਏਜੰਡੇ ਦਾ ਹਿੱਸਾ ਹਨ। ਇਹ ਵੱਖਰੀ ਬਹਿਸ ਦਾ ਵਿਸ਼ਾ ਹੈ ਕਿ ਕਟੌਤੀਆਂ ਚੰਗੀਆਂ ਹਨ ਜਾਂ ਮਾੜੀਆਂ। ਦੂਜਾ ਜ਼ਿਕਰਯੋਗ ਤੱਥ ਹੈ ਕਿ ਲੋਕੀ ਉਸ ਵੇਲੇ ਤੱਕ ਫੰਡਾਂ ਵਿੱਚ ਕਟੌਤੀ ਨੂੰ ਬੁਰਾ ਨਹੀਂ ਮੰਨਦੇ ਜਦੋਂ ਤੱਕ ਇਹ ਕੱਟ ਉਹਨਾਂ ਦੇ ਆਪਣੇ ਹਿੱਤਾਂ ਦੇ ਖਿਲਾਫ ਨਾ ਜਾਂਦੇ ਹੋਣ। ਮਿਸਾਲ ਵਜੋਂ ਪ੍ਰੋਵਿੰਸ਼ੀਅਲ ਕੰਜ਼ਰਵੇਟਿਵਾਂ ਨੇ ਚੋਣਾਂ ਵਿੱਚ ਓਹਿੱਪ ਦੇ ਉਸ ਹਿੱਸੇ ਨੂੰ ਕੱਟ ਕਰਨ ਦਾ ਵਾਅਦਾ ਕੀਤਾ ਸੀ ਜੋ ਕੈਨੇਡੀਅਨਾਂ ਨੂੰ ਵਿਦੇਸ਼ਾਂ ਵਿੱਚ ਥੋੜੀ ਬਹੁਤੀ ਡਾਕਟਰੀ ਸਹਾਇਤਾ ਸੰਭਵ ਬਣਾਉਂਦਾ ਸੀ। ਮੰਨਿਆ ਜਾਂਦਾ ਹੈ ਕਿ ਬਹੁ-ਗਿਣਤੀ ਸੀਨੀਅਰ ਸਿਟੀਜ਼ਨ ਖਾਸ ਕਰਕੇ ਮੁੱਖ ਧਾਰਾ ਦੇ ਸੀਨੀਅਰ ਟੋਰੀ ਪਾਰਟੀ ਦੀ ਮਦਦ ਅੱਖਾਂ ਬੰਦ ਕਰਕੇ ਕਰਦੇ ਹਨ। ਪਰ ਜਦੋਂ ਵਿਦੇਸ਼ਾਂ ਵਿੱਚ ਡਾਕਟਰੀ ਸੇਵਾਵਾਂ ਲਈ ਓਹਿੱਪ ਵਿੱਚ ਕਟੌਤੀ ਦੀ ਖ਼ਬਰ ਆਈ ਤਾਂ ਸੱਭ ਤੋਂ ਵੱਧ ਰੌਲਾ ਉਹਨਾਂ ਸੀਨੀਅਰਾਂ (snowbirds) ਨੇ ਪਾਇਆ ਜੋ ਸਰਦ ਰੁੱਤ ਵਿੱਚ ਅਮਰੀਕਾ ਜਾ ਕੇ ਰਹਿੰਦੇ ਹਨ। ਇਹਨਾਂ ਸੀਨੀਅਰਾਂ ਨੂੰ ਰਿਫਿਊਜੀ ਸੇਵਾਵਾਂ ਨੂੰ ਲੱਗਣ ਵਾਲੇ ਕੱਟਾਂ ਉੱਤੇ ਕੋਈ ਇਤਰਾਜ਼ ਨਹੀਂ ਸੀ ਕਿਉਂਕਿ ਉਹ ਖੁਦ ਰਿਫਿਊਜੀ ਸੇਵਾਵਾਂ ਤੋਂ ਪ੍ਰਭਾਵਿਤ ਹੋਣ ਵਾਲੇ ਨਹੀਂ। ਇਹ ਇੱਕ ਮਸਾਲ ਹੈ ਨਾ ਕਿ ਸਥਿਤੀ ਦਾ ਸਮੁੱਚਾ ਮੁਲਾਂਕਣ।

ਕੱਲ Environics Research ਵੱਲੋਂ ਕੀਤੇ ਗਏ ਇੱਕ ਸਰਵੇਖਣ ਦੇ ਨਤੀਜੇ ਆਏ ਜਿਸ ਵਿੱਚ 70% ਉਨਟੇਰੀਓ ਵਾਸੀਆਂ ਨੂੰ ਇਹ ਕਹਿੰਦੇ ਹੋਏ ਦੱਸਿਆ ਗਿਆ ਹੈ ਕਿ ਉਹ ਸਰਕਾਰ ਵੱਲੋਂ ਸਥਾਨਕ ਸਿਹਤ ਯੂਨਟਾਂ ਨੂੰ ਖਤਮ ਕਰਨ ਅਤੇ ਫੰਡ ਘੱਟ ਕਰਨ ਨਾਲ ਨਹੀਂ ਹਨ। ਦੱਸਣਾ ਬਣਦਾ ਹੈ ਕਿ ਇਹ ਸਰਵੇਖਣ CUPE Ontario ਅਤੇ CUPE Local 79 ਵੱਲੋਂ ਦਿੱਤੇ ਪੈਸਿਆਂ ਨਾਲ ਕਰਵਾਇਆ ਗਿਆ ਸੀ। ਇਹ ਦੋਵੇਂ ਯੂਨੀਅਨਾਂ ਟੋਰਾਂਟੋ ਏਰੀਆ ਵਿੱਚ 20 ਹਜ਼ਾਰ ਮੁਲਾਜ਼ਮਾਂ ਦੀ ਨੁਮਾਇੰਦਗੀ ਕਰਦੀਆਂ ਹਨ। ਯੂਨੀਅਨਾਂ ਦਾ ਡੱਗ ਫੋਰਡ ਨਾਲ ਜਿਹੋ ਜਿਹਾ ਮੋਹ-ਤੇਹ ਹੈ, ਉਹ ਸੱਭਨਾਂ ਨੂੰ ਪਤਾ ਹੈ। ਅਜਿਹੇ ਸਰਵੇਖਣਾਂ ਬਾਰੇ ਬਹੁਤ-ਵਾਰ ਇਹ ਵੀ ਸੱਚ ਹੁੰਦਾ ਹੈ ਕਿ ਹੁੰਗਾਰਾ ਭਰਨ ਵਾਲੇ ਲੋਕ ਯੂਨੀਅਨਾਂ ਦੇ ਮੈਂਬਰ ਜਾਂ ਚਹੇਤੇ ਹੀ ਹੋ ਨਿੱਬੜਦੇ ਹਨ। ਇਸਦਾ ਇਹ ਅਰਥ ਨਹੀਂ ਕਿ ਫੰਡਿੰਗ ਕੱਟਾਂ ਬਾਰੇ ਸਰਕਾਰ ਦੀ ਆਲੋਚਨਾ ਨਹੀਂ ਹੋ ਰਹੀ। ਸਰਵੇਖਣ ਮੁਤਾਬਕ 40% ਟੋਰੀ ਸਮਰੱਥਕ ਵੀ ਕੱਟਾਂ ਦੇ ਹੱਕ ਵਿੱਚ ਨਹੀਂ ਹਨ।

ਪੰਜਾਬੀ ਪੋਸਟ ਵੱਲੋਂ ਕੱਲ ਬਰੈਂਪਟਨ ਤੋਂ ਐਮ ਪੀ ਪੀ ਪ੍ਰਭਮੀਤ ਸਰਕਾਰੀਆ ਨਾਲ ਉਸ ਪਰੈੱਸ ਰੀਲੀਜ਼ ਬਾਰੇ ਗੱਲ ਕੀਤੀ ਗਈ ਜੋ ਉਸ ਸਮੇਤ ਪ੍ਰੋਗਰੈਸਿਵ ਕੰਜ਼ਰਵੇਟਿਵ ਕਾਕਸ ਦੇ ਪੀਲ ਖੇਤਰ ਦੇ ਮੈਂਬਰਾਂ ਅਮਰਜੋਤ ਸੰਧੂ, ਨੀਨਾ ਟਾਂਗੜੀ, ਦੀਪਕ ਆਨੰਦ, ਨੇਤਾਲੀਆ ਕੁਸੇਂਡੋਵਾ, ਰੁਡੀ ਕੁਜ਼ੈਟੋ ਅਤੇ ਕਾਲੀਦ ਰਾਸ਼ੀਦ ਦੇ ਦਸਤਖਤਾਂ ਹੇਠ ਪੀਲ ਡਿਸਟ੍ਰਕਿਟ ਸਕੂਲ ਬੋਰਡ ਨੂੰ ਮਿਲਣ ਵਾਲੇ ਡਾਲਰਾਂ ਬਾਬਤ ਜਾਰੀ ਕੀਤਾ ਗਿਆ ਸੀ। ਪੀਲ ਸਕੂਲ ਬੋਰਡ ਦੇ ਚੇਅਰਮੈਨ ਅਤੇ ਹੋਰ ਸੀਨੀਅਰ ਅਧਿਕਾਰੀਆਂ ਦਾ ਆਖਣਾ ਹੈ ਕਿ ਇਸ ਸਾਲ ਲਾਏ ਗਏ ਫੰਡਾਂ ਕਾਰਣ ਵੱਡੇ ਪੱਧਰ ਉੱਤੇ ਅਧਿਆਪਕਾਂ ਦੀਆਂ ਜੌਬਾਂ ਚਲੀਆਂ ਜਾਣਗੀਆਂ। ਇਸ ਬਾਬਤ ਸਕੂਲ ਬੋਰਡ ਦੇ ਚੇਅਰ ਸਟੈਨ ਕੈਮਰੋਨ ਵੱਲੋਂ ਮਾਰਚ ਅਤੇ ਮਈ ਮਹੀਨੇ ਵਿੱਚ ਸਿੱਖਿਆ ਮੰਤਰੀ ਨੂੰ ਦੋ ਪੱਤਰ ਲਿਖੇ ਜਾ ਚੁੱਕੇ ਹਨ। ਦੂਜੇ ਪਾਸੇ ਕਾਕਸ ਦੇ ਮੈਂਬਰਾਂ ਦਾ ਪ੍ਰੈੱਸ ਰੀਲੀਜ਼ ਦਾਅਵਾ ਕਰਦਾ ਹੈ ਕਿ ਸਰਕਾਰ ਨੇ ਇਸ ਸਾਲ ਸਮੁੱਚੇ ਉਂਟੇਰੀਓ ਪ੍ਰੋਵਿੰਸ ਵਿੱਚ ਸਿੱਖਿਆ ਲਈ 1.6 ਬਿਲੀਅਨ ਡਾਲਰ ਦੇਣੇ ਹਨ ਜਿਸ ਨਾਲ ਨੌਕਰੀਆਂ ਵਿੱਚ ਕੱਟ ਨਹੀਂ ਲੱਗਣਗੇ ਸਗੋਂ ਸਹੂਲਤਾਂ ਵਿੱਚ ਵਾਧਾ ਹੋਵੇਗਾ। ਪ੍ਰਭਮੀਤ ਸਰਕਾਰੀਆ ਮੁਤਾਬਕ ਇਸ ਸਬੰਧੀ ਹੋਰ ਜਾਣਕਾਰੀ ਸਕੂਲ ਬੋਰਡਾਂ ਨੂੰ ਜਲਦੀ ਹੀ ਪ੍ਰਾਪਤ ਹੋ ਜਾਵੇਗੀ। ਅਜਿਹੀ ਸਥਿਤੀ ਤੋਂ ਕੀ ਸਮਝਿਆ ਜਾ ਸਕਦਾ ਹੈ ਜਦੋਂ ਦੋ ਧਿਰਾਂ ਇੱਕੋ ਗੱਲ ਬਾਰੇ ਦੋ ਸੁਨੇਹੇ ਦੇ ਰਹੀਆਂ ਹੋਣ। ਕਿਉਂ ਨਹੀਂ ਸਥਿਤੀ ਨੂੰ ਸੁਲਝਾ ਲਿਆ ਜਾਂਦਾ।

ਪ੍ਰੀਮੀਅਰ ਡੱਗ ਫੋਰਡ ਦੇ ਇਸ ਬਿਆਨ ਨਾਲ ਸਹਿਮਤ ਹੋਣਾ ਹੋਵੇਗਾ ਕਿ ਪਿਛਲੀ ਸਰਕਾਰ ਵੱਲੋਂ ਪੈਦਾ ਕੀਤੇ ਗਏ 11.7 ਬਿਲੀਅਨ ਡਾਲਰ ਦੇ ਬੱਜਟ ਵਿੱਚ ਘਾਟੇ ਅਤੇ ਉਂਟੇਰੀਓ ਸਿਰ ਚੜੇ 347 ਬਿਲੀਅਨ ਡਾਲਰ ਦੇ ਕਰਜ਼ੇ ਨੂੰ ਘੱਟ ਕਰਨ ਲਈ ਕਿਸੇ ਥਾਂ, ਕਿਸੇ ਸਰਵਿਸ ਤਾਂ ਨੂੰ ਕਟੌਤੀ ਲਾਉਣੀ ਹੀ ਪਵੇਗੀ। ਇਹ ਇੱਕ ਕੌੜਾ ਸੱਚ ਹੈ। ਪਰ ਸੱਚ ਇਹ ਵੀ ਹੈ ਕਿ ਜਿਸ ਕਿਸੇ ਵੀ ਗਰੁੱਪ ਦੇ ਹਿੱਤ ਪ੍ਰਭਾਵਿਤ ਹੁੰਦੇ ਹਨ, ਉਹ ਡੰਡੇ ਸੋਟੇ ਚੁੱਕ ਖੜਾ ਹੋ ਜਾਂਦਾ ਹੈ। ਕੀ ਸਰਕਾਰਾਂ ਅਣਮਿੱਥੇ ਡਾਲਰ ਬਿਨਾ ਸੋਚੇ ਸਮਝੇ ਖਰਚ ਕਰਨ ਦਾ ਹੀਆ ਕਰ ਸਕਦੀਆਂ ਹਨ? ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ ਵਾਲੀ ਸਥਿਤੀ ਵਿੱਚੋਂ ਜੇਤੂ ਹੋ ਕੇ ਨਿਕਲਣਾ ਬਹੁਤਾ ਔਖਾ ਹੈ। ਸਰਕਾਰ ਦੀ ਇਹ ਕਮਜ਼ੋਰੀ ਵੀ ਵੇਖਣ ਨੂੰ ਮਿਲੀ ਹੈ ਕਿ ਲਾਏ ਜਾਣ ਵਾਲੇ ਕੱਟਾਂ ਤੋਂ ਪਹਿਲਾਂ ਪਬਲਿਕ ਨਾਲ ਸਹੀ ਜਾਣਕਾਰੀ ਸਾਂਝੀ ਨਹੀਂ ਕੀਤੀ ਜਾਂਦੀ। ਚੰਗਾ ਹੋਵੇਗਾ ਕਿ ਇਸਤੋਂ ਪਹਿਲਾਂ ਕਿ ਮੀਡੀਆ ਵਾਲੇ ਸਰਕਾਰੀ ਸ੍ਰੋਤਾਂ ਤੋਂ ਜਾਣਕਾਰੀ ਹਾਸਲ ਕਰਕੇ ਕੱਟਾਂ ਤੋਂ ਅਗਾਉਂ ਹੀ ਇੱਕ ਖਾਸ ਕਿਸਮ ਦਾ ਪ੍ਰਭਾਵ ਪੈਦਾ ਕਰਨ, ਸਰਕਾਰ ਖੁਦ ਅੱਗੇ ਹੋ ਕੇ ਲੋਕਾਂ ਨਾਲ ਜਾਣਕਾਰੀ ਸਾਂਝੀ ਕਰੇ।

## ਚੀਨ ਨਾਲ ਨਾਜ਼ੁਕ ਦੌਰ ਵਿੱਚੋਂ ਲੰਘ ਰਹੇ ਹਨ ਕੈਨੇਡਾ ਦੇ ਸਬੰਧ : ਟਰੂਡੋ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਇਨ੍ਹਾਂ ਦੋਵਾਂ ਕੈਨੇਡੀਅਨਾਂ ਨੂੰ ਜਾਣਬੁੱਝ ਕੇ ਸਿਆਸੀ ਕਾਰਨਾਂ ਕਰਕੇ ਗ੍ਰਿਫਤਾਰ ਕੀਤਾ ਗਿਆ ਹੈ। ਟਰੂਡੋ ਨੇ ਤਹੱਈਆ ਪ੍ਰਗਟਾਇਆ ਕਿ ਕੈਨੇਡਾ ਆਪਣੀਆਂ ਕਦਰਾਂ ਕੀਮਤਾਂ ਉੱਤੇ ਪਹਿਰਾ ਦਿੰਦਾ ਹੋਇਆ ਇਸ ਮਾਮਲੇ ਵਿੱਚ ਵੀ ਮਜ਼ਬੂਤੀ ਨਾਲ ਉਭਰ ਕੇ ਸਾਹਮਣੇ ਆਵੇਗਾ।ਇੱਥੇ ਇਹ ਦੱਸਣਾ ਬਣਦਾ ਹੈ ਕਿ ਇਸ ਸਮੇਂ ਕੈਨੇਡਾ ਦਾ ਪਾਰਲੀਆਮੈਂਟਰੀ ਵਫਦ ਚੀਨ ਵਿੱਚ ਹੈ ਤੇ ਇਸ ਵਿੱਚ ਵਿਦੇਸ਼ੀ ਮਾਮਲਿਆਂ ਬਾਰੇ ਪਾਰਲੀਮਾਨੀ ਸਕੱਤਰ ਰੌਬ ਓਲੀਫੈਂਟ ਵੀ ਸ਼ਾਮਲ ਹਨ।

ਇਸ ਕੈਨੇਡੀਅਨ ਵਫਦ ਵੱਲੋਂ ਦੋਵਾਂ ਕੈਨੇਡੀਅਨ ਨਾਗਰਿਕਾਂ ਨੂੰ ਨਜ਼ਰਬੰਦ ਕਰਕੇ ਰੱਖਣ ਦਾ ਮੁੱਦਾ ਚੀਨ ਦੇ ਸਰਕਾਰੀ ਅਧਿਕਾਰੀਆਂ ਨਾਲ ਜਨਵਰੀ ਵਿੱਚ ਵੀ ਵਿਚਾਰਿਆ ਗਿਆ ਸੀ ਤੇ ਹੁਣ ਵੀ ਇਹ ਮੁੱਦਾ ਵਿਚਾਰਿਆ ਜਾ ਰਿਹਾ ਹੈ। ਜਨਵਰੀ ਵਿੱਚ ਮੈਂਗ ਦੀ ਗ੍ਰਿਫਤਾਰੀ ਦੇ ਸਬੰਧ ਵਿੱਚ ਗਲਤ ਟਿੱਪਣੀਆਂ ਕਰਨ ਕਰਕੇ ਸਾਬਕਾ ਲਿਬਰਲ ਕੈਬਨਿਟ ਮੰਤਰੀ ਜੌਹਨ ਮੈਕੈਲਮ ਨੂੰ ਟਰੂਡੋ ਨੇ ਹਟਾ ਦਿੱਤਾ ਸੀ ਤੇ ਉਦੋਂ ਤੋਂ ਹੀ ਚੀਨ ਵਿੱਚ ਕੈਨੇਡਾ ਦਾ ਕੋਈ ਸਥਾਈ ਅੰਬੈਸਡਰ ਨਹੀਂ ਹੈ।

## ਪ੍ਰਾਈਵੇਸੀ ਵਾਚਡੌਗ ਨੂੰ ਵਧੇਰੇ ਸ਼ਕਤੀਆਂ ਦੇਣ ਬਾਰੇ ਵਿਚਾਰ ਕਰ ਰਹੀ ਹੈ ਫੈਡਰਲ ਸਰਕਾਰ

...ਪੰਨਾ 1 ਦਾ ਬਾਕੀ

ਇਸ ਲਈ ਇਹ ਯਕੀਨੀ ਬਣਾਇਆ ਜਾਣਾ ਜ਼ਰੂਰੀ ਹੈ ਕਿ ਜਦੋਂ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ ਤਾਂ ਉਸ ਦੇ ਸਖ਼ਤ ਨਤੀਜੇ ਭੁਗਤਣ ਲਈ ਵੀ ਸਾਹਮਣੇ ਵਾਲੇ ਨੂੰ ਤਿਆਰ ਰਹਿਣਾ ਚਾਹੀਦਾ ਹੈ। ਸਰਕਾਰ ਮੰਨਦੀ ਹੈ ਕਿ ਮੌਜੂਦਾ ਸਥਿਤੀ ਬਰਦਾਸ਼ਤ ਤੋਂ ਬਾਹਰ ਹੈ ਪਰ ਸਰਕਾਰ ਦਾ ਕਹਿਣਾ ਹੈ ਕਿ ਸਾਨੂੰ ਕੁੱਝ ਹੋਰ ਸਮੇਂ ਲਈ ਇਸੇ ਲੀਹ ਉੱਤੇ ਵੀ ਚੱਲਣਾ ਹੋਵੇਗਾ। ਪਾਲਿਸੀ ਪੇਪਰ ਵਿੱਚ ਅਜਿਹੇ ਸੁਝਾਅ ਹਨ ਜਿਹੜੇ ਭਵਿੱਖ ਵਿੱਚ ਕਾਨੂੰਨ ਤੇ ਨਿਯਮ ਤੈਅ ਕਰਨ ਲਈ ਬਣਾਏ ਗਏ ਹਨ। ਇਸ ਵਿੱਚ ਇਹ ਕਿਤੇ ਵੀ ਨਹੀਂ ਆਖਿਆ ਗਿਆ ਕਿ ਓਟਵਾ ਇਸ ਉੱਤੇ ਫੌਰੀ ਕਾਰਵਾਈ ਕਰੇਗਾ। ਇਸ ਤੋਂ ਭਾਵ ਹੈ ਕਿ ਇਹ ਮਾਮਲਾ ਹੁਣ ਅਗਲੀ ਪਾਰਲੀਆਮੈਂਟ ਵਿੱਚ ਹੀ ਵਿਚਾਰਿਆ ਜਾਵੇਗਾ।

## ਫਗਵਾੜਾ ਦੇ ਵਾਈਰਲ ਵੀਡੀਓ ਸਬੰਧੀ ਸੀ.ਈ.ਓ. ਵੱਲੋਂ ਸਥਿਤੀ ਸਪਸ਼ਟ

ਚੰਡੀਗੜ, 21 ਮਈ: (ਪੋਸਟ ਬਿਊਰੋ): ਮੁੱਖ ਚੋਣ ਅਫਸਰ ਪੰਜਾਬ ਡਾ. ਐਸ. ਕਰੁਣਾ ਰਾਜੂ ਨੇ ਫਗਵਾੜਾ ਦੇ ਵਾਈਰਲ ਵੀਡੀਓ ਸਬੰਧੀ ਸਥਿਤੀ ਸਪਸ਼ਟ ਕਰਨ ਹਿੱਤ ਇਕ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਉਕਤ ਮਾਮਲੇ 'ਚ ਕੁਝ ਵੀ ਗਲਤ ਜਾਂ ਨਿਯਮਾਂ ਤੋਂ ਉਲਟ ਨਹੀਂ ਵਾਪਰਿਆ ਹੈ।

ਉਨਾਂ ਦੱਸਿਆ ਕਿ ਵਾਈਰਲ ਵੀਡੀਓ ਰਾਹੀਂ ਪ੍ਰਚਾਰ ਕੀਤਾ ਜਾ ਰਿਹਾ ਸੀ ਕਿ ਇਕ ਵਿਅਕਤੀ ਵੋਟਾਂ ਵਾਲੇ ਦਿਨ ਈ.ਵੀ.ਐਮ. ਮਸ਼ੀਨਾਂ ਲੈ ਕੇ ਫਗਵਾੜਾ ਦੇ ਸੀਨੀਅਰ ਸੈਕੰਡਰੀ ਸਕੂਲ ਭਾਣੋਕੇ ਨਜ਼ਦੀਕ ਘੁਮ ਰਿਹਾ ਹੈ। ਇਸ ਸਬੰਧੀ ਜਾਂਚ ਕਰਵਾਉਣ ਤੇ ਪਾਇਆ ਗਿਆ ਕਿ ਉਕਤ ਵਿਅਕਤੀ ਬੀ.ਡੀ.ਪੀ.ਓ. ਦਫਤਰ ਫਗਵਾੜਾ ਤੋਂ ਬਲਵਿੰਦਰ ਕੁਮਾਰ ਏ.ਈ. ਹੈ ਜੋ ਕਿ ਰਿਟਰਨਿੰਗ ਅਫਸਰ ਹੁਸ਼ਿਆਰਪੁਰ ਵੱਲੋਂ ਸੈਕਟਰ 4 ਦਾ ਇੰਚਾਰਜ ਲਗਾਇਆ ਗਿਆ ਹੈ ਅਤੇ ਉਸ ਅਧੀਨ 9 ਪੋਲਿੰਗ ਸਟੇਸ਼ਨ ਸਨ।

ਡਾ. ਰਾਜੂ ਨੇ ਦੱਸਿਆ ਕਿ ਬਲਵਿੰਦਰ ਕੁਮਾਰ ਨੂੰ ਜੀ.ਪੀ.ਐਸ. (ਲੋਕੇਸ਼ਨ ਜਾਨਣ ਵਾਲਾ ਯੰਤਰ) ਲੱਗੀ ਗੱਡੀ ਰਾਹੀਂ ਇਸ ਸੈਕਟਰ ਅਧੀਨ ਆਉਂਦੇ 9 ਬੂਥਾਂ ਵਿੱਚ ਜੇਕਰ ਕੋਈ ਈ.ਵੀ.ਐਮ. ਮਸ਼ੀਨ ਖਰਾਬ ਹੁੰਦੀ ਹੈ ਤਾਂ ਉਨਾਂ ਨੂੰ ਬਦਲਣ ਲਈ 2 ਕੰਪਲੀਟ ਸੈਟ ਈ.ਵੀ.ਐਮ. ਮਸ਼ੀਨਾਂ ਦੇ ਦਿੱਤੇ ਗਏ ਸਨ ਅਤੇ ਜਿਸ ਗੱਡੀ ਵਿੱਚ ਇਹ ਮਸ਼ੀਨਾਂ ਰੱਖੀਆਂ ਗਈਆਂ ਸਨ ਉਸ ਵਿੱਚ ਵੀਡੀਓਗ੍ਰਾਫਰ ਮਨੀਸ਼ ਕੁਮਾਰ ਵੀ ਬੈਠਿਆ ਹੋਇਆ ਸੀ।

ਡਾ. ਰਾਜੂ ਨੇ ਦੱਸਿਆ ਕਿ ਇਸੇ ਤਰਾਂ ਇਕ ਵੀਡੀਓ ਜਲੰਧਰ ਦਾ ਵੀ ਵਾਈਰਲ ਹੋਇਆ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਕੁਝ ਵਿਅਕਤੀ ਲੈਪਟਾਪ ਲੈ ਕੇ ਕਾਊਂਟਿੰਗ ਸੈਂਟਰ ਦੇ ਅੰਦਰ ਗਏ ਹਨ। ਉਨਾਂ ਦੱਸਿਆ ਕਿ ਉਕਤ ਮਾਮਲੇ ਦੀ ਜਾਂਚ ਵਿੱਚ ਸਾਹਮਣੇ ਆਇਆ ਕਿ ਉਕਤ ਵਿਅਕਤੀ ਕਾਊਂਟਿੰਗ ਸਟਾਫ ਦੇ ਮੈਂਬਰ ਸਨ ਜੋ ਕਿ ਕਾਊਂਟਿੰਗ ਸਟਾਫ ਨੂੰ ਦਿੱਤੀ ਜਾ ਰਹੀ ਟ੍ਰੇਨਿੰਗ ਵਿੱਚ ਭਾਗ ਲੈਣ ਆਏ ਸਨ।

ਡਾ. ਰਾਜੂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸੋਸ਼ਲ ਮੀਡੀਆ ਰਾਹੀਂ ਗਲਤ ਸੂਚਨਾਵਾਂ ਨਾ ਫੈਲਾਉਣ।

ਕੈਨੇਡੀਅਨ ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਫੋਰਡ ਨੇ ਬਚਤ ਵਿੱਚ ਮਦਦ ਬਦਲੇ ਸਕੂਲ ਬੋਰਡਜ਼ ਤੇ ਮਿਉਂਸਪੈਲਿਟੀਜ਼ ਨੂੰ 7.35 ਮਿਲੀਅਨ ਡਾਲਰ ਖਰਚਣ ਦੀ ਕੀਤੀ ਪੇਸ਼ਕਸ਼

...ਪੰਨਾ 1 ਦਾ ਬਾਕੀ

ਪ੍ਰੋਵਿੰਸ ਇਹ ਰਕਮ ਸਿਟੀਜ਼ ਤੇ ਸਕੂਲ ਬੋਰਡਜ਼ ਨੂੰ ਇਸ ਲਈ ਮੁਹੱਈਆ ਕਰਾਵੇਗੀ ਤਾਂ ਕਿ ਡੂੰਘਾਈ ਵਿੱਚ ਜਾ ਕੇ ਵਿੱਤੀ ਆਡਿਟ ਕਰਵਾਏ ਜਾ ਸਕਣ ਤੇ ਇਹ ਪਤਾ ਲਾਇਆ ਜਾ ਸਕੇ ਕਿ ਉਹ ਬਜਟ ਵਿੱਚ 4 ਫੀ ਸਦੀ ਦੀ ਹੋਰ ਕਟੌਤੀ ਕਿਵੇਂ ਕਰ ਸਕਦੇ ਹਨ।

ਬਾਅਦ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫੋਰਡ ਨੇ ਆਖਿਆ ਕਿ ਅਸੀਂ ਤਾਂ ਭਾਈਵਾਲੀ ਵਿੱਚ ਕੰਮ ਕਰਨਾ ਚਾਹੁੰਦੇ ਹਾਂ। ਅਸੀਂ ਸਾਰੀਆਂ ਮਿਉਂਸਪੈਲਿਟੀਜ਼ ਨੂੰ ਸਾਂਝੇ ਤੌਰ ਉੱਤੇ ਆਪਣੇ ਨਾਲ ਤੋਰਨਾਂ ਚਾਹੁੰਦੇ ਹਾਂ। ਉਨ੍ਹਾਂ ਆਖਿਆ ਕਿ ਸਾਡਾ 90 ਫੀ ਸਦੀ ਪੈਸਾ ਮਿਉਂਸਪੈਲਿਟੀਜ਼ ਤੇ ਹੋਰਨਾਂ ਭਾਈਵਾਲਾਂ ਨੂੰ ਜਾਂਦਾ ਹੈ ਤੇ ਇਸੇ ਲਈ ਅਸੀਂ ਉਨ੍ਹਾਂ ਨੂੰ ਸਾਡੇ ਨਾਲ ਰਲ ਕੇ ਕੰਮ ਕਰਨ ਲਈ ਆਖ ਰਹੇ ਹਾਂ। ਫੋਰਡ ਨੇ 7.35 ਮਿਲੀਅਨ ਡਾਲਰ ਵਾਲਾ ਇਹ ਐਲਾਨ ਵ੍ਹਿਟਬੀ ਤੇ ਗ੍ਰੇਟਰ ਓਸ਼ਵਾ ਵਿੱਚ ਚੇਂਬਰਜ਼ ਆਫ ਕਾਮਰਸ ਤੇ ਐਜੈਕਸ-ਪਿਕਰਿੰਗ ਬੋਰਡ ਆਫ ਟਰੇਡ ਦੇ ਮੈਂਬਰਾਂ ਸਾਹਮਣੇ ਕੀਤਾ।

## ਹਿੰਸਾ ਤੇ ਅੱਤਵਾਦ ਦਾ ਡੱਟ ਕੇ ਵਿਰੋਧ ਕਰਨ ਦਾ ਦਿਵਾਇਆ ਪ੍ਰਣ




ਫਿਰੋਜ਼ਪੁਰ, 21 ਮਈ (ਗਿਆਨ ਸਿੰਘ): ਨਹਿਰੂ ਯੂਵਾ ਕੇਂਦਰ ਫਿਰੋਜ਼ਪੁਰ ਵੱਲੋਂ ਅੱਤਵਾਦ ਵਿਰੋਧੀ ਦਿਵਸ ਦਾ ਆਯੋਜਨ ਸਰਕਾਰੀ ਸੀਨੀ. ਸੈਕੰਡਰੀ ਸਕੂਲ ਗੱਟੀ ਰਾਜੋ ਕੇ ਵਿਖੇ ਸਕੂਲ ਦੇ ਸਮੂਹ ਸਟਾਫ਼ ਨੂੰ ਹਿੰਸਾ ਅਤੇ ਅੱਤਵਾਦ ਦਾ ਡੱਟ ਕੇ ਵਿਰੋਧ ਕਰਨ ਦਾ ਪ੍ਰਣ ਦਿਵਾ ਕੇ ਕੀਤਾ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਜ਼ਿਲ੍ਹਾ ਯੂਥ ਕੋਆਰਡੀਨੇਟਰ ਨਹਿਰੂ ਯੂਵਾ ਕੇਂਦਰ ਸਰਬਜੀਤ ਸਿੰਘ ਬੇਦੀ ਅਤੇ ਪ੍ਰਿੰਸੀਪਲ ਡਾ ਸਤਿੰਦਰ ਸਿੰਘ ਵੱਲੋਂ ਸਾਂਝੇ ਤੌਰ ਤੇ ਕੀਤੀ ਗਈ।

ਇਸ ਮੌਕੇ ਸੈਮੀਨਾਰ, ਭਾਸ਼ਣ, ਗੀਤ ਅਤੇ ਕਵਿਤਾ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿਚ ਕੁਮਾਰੀ ਪੂਜਾ ਰਾਣੀ ਨੇ ਪਹਿਲਾ, ਹਰਪ੍ਰੀਤ ਸਿੰਘ ਨੇ ਦੂਜਾ ਅਤੇ ਕੁਮਾਰੀ ਕਾਜਲ ਰਾਣੀ ਨੇ ਤੀਜਾ ਸਥਾਨ ਹਾਸਲ ਕੀਤਾ। ਸਰਬਜੀਤ ਸਿੰਘ ਬੇਦੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਤਵਾਦ ਪੂਰੇ ਸੰਸਾਰ ਦਾ ਮੁੱਖ ਮੁੱਦਾ ਬਣ ਚੁੱਕਾ ਹੈ, ਲੱਗਭਗ ਸਾਰੇ ਹੀ ਦੇਸ਼ ਇਸ ਤੋ ਪੀੜ੍ਹਤ ਹਨ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਇਸ ਅੱਤਵਾਦ ਦਿਵਸ ਮੌਕੇ ਲੋਕਾਂ ਨੂੰ ਅੱਤਵਾਦ ਦੇ ਖ਼ਾਤਮੇ ਲਈ ਜਾਗਰੂਕ ਕੀਤਾ ਜਾਂਦਾ ਹੈ। ਡਾ ਸਤਿੰਦਰ ਸਿੰਘ ਨੇ ਅੱਤਵਾਦ ਤੋ ਹੋਣ ਵਾਲੇ ਪ੍ਰਭਾਵ ਬਾਰੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਇਹੋ ਜਿਹੇ ਅੱਤਵਾਦ ਵਿਰੋਧੀ ਦਿਵਸ ਤੋਂ ਸਕੂਲਾਂ ਦੇ ਵਿਦਿਆਰਥੀ ਜਾਗਰੂਕ ਹੋ ਕੇ ਸਮਾਜ ਦੇ ਵਿਕਾਸ ਵਿਚ ਵੱਧ ਤੋ ਯੋਗਦਾਨ ਪਾਉਂਦੇ ਹਨ। ਪ੍ਰੋਗਰਾਮ ਨੂੰ ਸਫਲ ਬਣ ਬਣਾਉਣ ਲਈ ਸਕੂਲ ਦੇ ਸਮੁੱਚੇ ਸਟਾਫ਼ ਅਤੇ ਗੁਰੂ ਗੋਬਿੰਦ ਸਿੰਘ ਸਪੋਰਟਸ ਕਲੱਬ ਦਾ ਵਿਸ਼ੇਸ਼ ਤੋਰ ਤੇ ਯੋਗਦਾਨ ਹੈ।

ਅੰਤ ਵਿਚ ਜੇਤੂਆਂ ਤੇ ਆਏ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੁਖਵਿੰਦਰ ਸਿੰਘ, ਜੋਗਿੰਦਰ ਸਿੰਘ, ਅਰੂਨ ਸ਼ਰਮਾ, ਬਲਜੀਤ ਕੋਰ, ਛਿੰਦਰਪਾਲ ਸਿੰਘ, ਲਖਵਿੰਦਰ ਸਿੰਘ, ਰਾਜੇਸ਼ ਕੁਮਾਰ, ਰੂਚੀ ਮਹਿਤਾ, ਸੁਰਜੀਤ ਸਿੰਘ ਸਮੇਤ ਵੱਖ-ਵੱਖ ਕਲੱਬਾਂ ਦੇ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ।


















# ਡਾ. ਸੁਖਦੇਵ ਸਿੰਘ ਝੰਡ ਦੀ ਸਵੈ-ਜੀਵਨੀ 'ਪੱਤੇ ਤੇ ਪਰਛਾਵੇਂ: ਚੌਹਾਨ ਤੋਂ ਬਰੈਂਪਟਨ' ਲੋਕ-ਅਰਪਿਤ



ਬਰੈਂਪਟਨ, -ਲੰਘੇ ਐਤਵਾਰ ਡਾ. ਸੁਖਦੇਵ ਸਿੰਘ ਝੰਡ ਦੀ ਸਵੈ-ਜੀਵਨੀ "ਪੱਤੇ ਤੇ ਪਰਛਾਵੇਂ: ਚੌਹਾਨ ਤੋਂ ਬਰੈਂਪਟਨ" 19 ਮਈ 2019 ਨੂੰ ਸਥਾਨਕ ਐੱਫ਼.ਬੀ.ਆਈ. ਸਕੂਲ ਵਿਚ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਮਹੀਨਾਵਾਰ ਇਕ-ਤਰਤਾ ਵਿਚ ਅਦੀਬਾਂ ਤੇ ਪੰਜਾਬੀ-ਪ੍ਰੇਮੀਆਂ ਦੀ ਭਰਵੀਂ ਹਾਜ਼ਰੀ ਵਿਚ ਲੋਕ-ਅਰਪਿਤ ਕੀਤੀ ਗਈ। ਇਸ ਦੌਰਾਨ ਪ੍ਰਧਾਨਗੀ-ਮੰਡਲ ਵਿਚ ਡਾ. ਵਰਿਆਮ ਸਿੰਘ ਸੰਧੂ, ਸ. ਪੂਰਨ ਸਿੰਘ ਪਾਂਧੀ, ਪ੍ਰੋ.ਰਾਮ ਸਿੰਘ, ਪ੍ਰੋ. ਜਗੀਰ ਸਿੰਘ ਕਾਹਲੋਂ, ਪੁਸਤਕ-ਲੇਖਕ ਸੁਖਦੇਵ ਸਿੰਘ ਝੰਡ ਅਤੇ ਉਨ੍ਹਾਂ ਦੇ ਹਾਈ ਸਕੂਲ ਦੌਰਾਨ ਰਹੇ ਉਸਤਾਦ ਪ੍ਰਿੰ. ਸੇਵਾ ਸਿੰਘ ਕੌੜਾ ਸ਼ਾਮਲ ਸਨ। ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ ਪੁਸਤਕ ਸਬੰਧੀ ਵਿਸਤ੍ਰਿਤ ਪੇਪਰ ਪੜ੍ਹਿਆ ਗਿਆ ਜਿਸ ਵਿਚ ਉਨ੍ਹਾਂ ਵੱਲੋਂ ਡਾ. ਝੰਡ ਦੀ ਸਵੈ-ਜੀਵਨੀ ਦੇ ਵੱਖ-ਵੱਖ ਪਹਿਲੂਆਂ ਨੂੰ ਬਾਖ਼ੂਬੀ ਉਜਾਗਰ ਕੀਤਾ ਗਿਆ। ਆਪਣੇ ਪੇਪਰ ਵਿਚ ਉਨ੍ਹਾਂ ਸੁਖਦੇਵ ਸਿੰਘ ਦੇ ਬਚਪਨ ਦੇ ਦਿਨਾਂ, ਉਸ ਦੀ ਸਕੂਲ ਤੇ ਕਾਲਜ ਦੀ ਪੜ੍ਹਾਈ ਤੇ ਨੌਕਰੀ ਦੌਰਾਨ ਦਰਪੇਸ਼ ਦਿੱਕਤਾਂ ਤੇ ਦੁਸ਼ਵਾਰੀਆਂ ਦਾ ਭਰਪੂਰ ਜ਼ਿਕਰ ਕੀਤਾ ਅਤੇ ਪੁਸਤਕ ਦੇ ਸਰਵਰਕ 'ਪੱਤੇ ਤੇ ਪਰਛਾਵੇਂ' ਅਤੇ ਇਸ ਦੇ ਅੰਤ ਵਿਚ ਦਰਜ ਕੀਤੀ ਗਈ 'ਬੰਸਾਵਲੀ' ਦੀ ਖ਼ੂਬ ਸਰਾਹਨਾ ਕੀਤੀ।

ਉਪਰੰਤ, ਪੰਜਾਬੀ ਸਾਹਿਤ ਦੀਆਂ ਵਿਦਵਾਨ ਸ਼ਖਸੀਅਤਾਂ ਡਾ. ਵਰਿਆਮ ਸਿੰਘ ਸੰਧੂ, ਪੂਰਨ ਸਿੰਘ ਪਾਂਧੀ, ਕਹਾਣੀਕਾਰ ਕੁਲਜੀਤ ਮਾਨ, ਪ੍ਰਿੰ. ਰਾਮ ਸਿੰਘ ਕੁਲਾਰ, ਪ੍ਰੋ. ਰਾਮ ਸਿੰਘ, ਪੰਜਾਬ ਤੋਂ ਪਿਛਲੇ ਦਿਨੀਂ ਇੱਥੇ ਬਰੈਂਪਟਨ ਪਹੁੰਚੇ ਪ੍ਰਿੰ. ਸੇਵਾ ਸਿੰਘ ਕੌੜਾ, ਪ੍ਰਿੰ. ਸੰਜੀਵ ਧਵਨ, ਪ੍ਰਿੰ. ਸਰਵਣ ਸਿੰਘ, ਕਰਨ ਅਜਾਇਬ ਸਿੰਘ ਸੰਘਾ, ਬਲਰਾਜ ਚੀਮਾ, ਮਲੂਕ ਸਿੰਘ ਕਾਹਲੋਂ, ਡਾ. ਜਗਮੋਹਨ ਸਿੰਘ ਸੰਘਾ ਤੇ ਹੋਰ ਕਈਆਂ ਨੇ ਇਸ ਮੌਕੇ ਪੁਸਤਕ ਸਬੰਧੀ ਵੱਡਮੁੱਲੇ ਵਿਚਾਰ ਪੇਸ਼ ਕੀਤੇ। ਜਿੱਥੇ ਡਾ. ਵਰਿਆਮ ਸਿੰਘ ਸੰਧੂ ਨੇ ਡਾ. ਝੰਡ ਵੱਲੋਂ ਪੁਸਤਕ ਵਿਚ ਦਰਜ ਬ੍ਰਿਤਾਂਤ ਨੂੰ ਆਪਣੇ ਸੰਬੋਧਨ ਦਾ ਵਿਸ਼ਾ ਬਣਾਉਂਦਿਆਂ ਹੋਇਆਂ ਕਿਹਾ ਕਿ ਬਹਿਸ ਸਬੰਧਿਤ ਪੁਸਤਕ ਵਿਚਲੇ ਵੇਰਵਿਆਂ ਬਾਰੇ ਹੋਣੀ ਚਾਹੀਦੀ ਹੈ ਨਾ ਕਿ ਉਸ ਵਿਚ ਗ਼ੈਰ-ਹਾਜ਼ਰ ਮੈਟਰ ਬਾਰੇ, ਉੱਥੇ ਪ੍ਰੋ. ਰਾਮ ਸਿੰਘ ਵੱਲੋਂ ਸਵੈ-ਜੀਵਨੀ ਦੀ ਸਾਹਿਤਕ ਮਹੱਤਤਾ ਅਤੇ ਇਸ ਦੇ ਗੁਣਾਂ ਬਾਰੇ ਭਰਪੂਰ ਚਾਨਣਾ ਪਾਇਆ ਗਿਆ ਅਤੇ ਉਨ੍ਹਾਂ ਵੱਲੋਂ ਡਾ. ਝੰਡ ਦੀ ਪੁਸਤਕ ਵਿਚ ਰਹਿ ਗਈਆਂ ਕੁਝ ਕਮੀਆਂ-ਪੇਸ਼ੀਆਂ ਬਾਰੇ ਬੜੇ ਹੀ ਭਾਵਪੂਰਤ ਸ਼ਬਦਾਂ ਵਿਚ ਜ਼ਿਕਰ ਕੀਤਾ ਗਿਆ।

ਇਸ ਦੌਰਾਨ ਹਰਜਸਪ੍ਰੀਤ ਗਿੱਲ ਦੇ ਇਕ ਸੁਆਲ "ਸਵੈ-ਜੀਵਨੀ ਕੀ ਹੈ ਤੇ ਇਸ ਵਿਚ ਕੀ ਕੁਝ ਹੋਣਾ ਚਾਹੀਦਾ ਹੈ" ਨੇ ਨਵੀਂ ਬਹਿਸ ਛੇੜੀ। ਬਲਵੰਤ ਗਾਰਗੀ, ਖ਼ੁਸ਼ਵੰਤ ਸਿੰਘ, ਅੰਮ੍ਰਿਤਾ ਪ੍ਰੀਤਮ ਆਦਿ ਲੇਖਕਾਂ ਦੀਆਂ ਸਵੈ-ਜੀਵਨੀਆਂ ਦਾ ਹਵਾਲਾ ਦਿੰਦਿਆਂ ਹੋਇਆਂ ਕਈ ਬੁਲਾਰਿਆਂ ਨੇ ਸਵੈ-ਜੀਵਨੀ ਵਿਚ 'ਸਾਹਿਤਕ-ਤੜਕਾ' ਮੌਜੂਦ ਹੋਣ 'ਤੇ ਜ਼ੋਰ ਦਿੱਤਾ, ਜਦਕਿ ਕਈ ਹੋਰਨਾਂ ਦਾ ਵਿਚਾਰ ਸੀ ਕਿ ਹਰੇਕ ਲੇਖਕ ਦੇ ਲਿਖਣ ਦਾ ਆਪੋ-ਆਪਣਾ ਢੰਗ-ਤਰੀਕਾ ਹੈ। ਕਈ ਆਪਣੀ ਸਵੈ-ਜੀਵਨੀ ਨੂੰ ਕੁਝ ਵਧੇਰੇ ਵਧਾ-ਚੜ੍ਹਾਅ ਕੇ ਪੇਸ਼ ਕਰਦੇ ਹਨ ਅਤੇ ਕਈ ਇਸ ਨੂੰ ਆਪਣੇ ਜੀਵਨ ਦੀ ਸੱਚਾਈ ਦੇ ਨੇੜੇ ਰੱਖਣਾ ਚਾਹੁੰਦੇ ਹਨ। ਕਈ ਬੁਲਾਰਿਆਂ ਦਾ ਵਿਚਾਰ ਸੀ ਕਿ ਡਾ. ਝੰਡ ਦੀ ਇਹ ਸਵੈ-ਜੀਵਨੀ ਉਸ ਦੇ ਸੰਘਰਸ਼ਮਈ ਜੀਵਨ ਤੇ ਉਸਦੀ ਸਮੁੱਚੀ ਸ਼ਖ਼ਸੀਅਤ ਦੇ ਬਹੁਤ ਨਜ਼ਦੀਕ ਹੈ ਅਤੇ ਇਸ ਵਿਚ 'ਤੜਕੇ' ਦੀ ਵਰਤੋਂ ਘੱਟ ਹੀ ਕੀਤੀ ਗਈ ਹੈ। ਇਸ ਤਰ੍ਹਾਂ ਇਹ ਸਮਾਗਮ ਡਾ. ਝੰਡ ਦੀ ਇਸ ਪੁਸਤਕ ਦੀ ਸਮੀਖਿਆ ਦੇ ਨਾਲ਼ ਨਾਲ਼ ਸਵੈ-ਜੀਵਨੀ ਸਬੰਧੀ ਆਮ ਪਹੁੰਚ ਬਾਰੇ ਇਕ ਉਸਾਰੂ ਤੇ ਸਾਰਥਿਕ ਮਾਰਗ-ਦਰਸ਼ਕ ਬਹਿਸ ਦਾ ਹਾਸਲ ਹੋ ਨਿਬੜਿਆ। ਇਸ ਸਮਾਗ਼ਮ ਦੀ ਇਹ ਵੀ ਵਿਸ਼ੇਸ਼ਤਾ ਸੀ ਕਿ ਇਸ ਵਿਚ ਡਾ. ਝੰਡ ਦੇ ਹਾਈ ਸਕੂਲ ਸਮੇਂ ਦੇ ਅਧਿਆਪਕ ਪ੍ਰਿੰ. ਸੇਵਾ ਸਿੰਘ ਕੌੜਾ, ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ ਕਪੂਰਥਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਨੌਕਰੀ ਦੌਰਾਨ ਰਹੇ ਸਹਿ-ਕਰਮੀ ਗੁਰਮੀਤ ਸਿੰਘ ਬਾਜਵਾ ਤੇ ਗੁਰਪ੍ਰੀਤ ਸਿੰਘ ਬਾਠ ਇਸ ਵਿਚ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਇਕਬਾਲ ਬਰਾੜ ਨੇ ਆਪਣੀ ਹਾਜ਼ਰੀ ਸੁਰੀਲੀ ਆਵਾਜ਼ ਵਿਚ ਸ਼ਿਵ ਕੁਮਾਰ ਬਟਾਲਵੀ ਦਾ ਸਦਾ-ਬਹਾਰ ਗੀਤ "ਮਾਏ ਨੀ ਮਾਏ ਮੈਂ ਇਕ ਸ਼ਿਕਰਾ ਯਾਰ ਬਣਾਇਆ" ਗਾ ਕੇ ਲੁਆਈ।

ਡਾ. ਝੰਡ ਵੱਲੋਂ ਸਮਾਗਮ ਦੇ ਮੁੱਖ-ਬੁਲਾਰਿਆਂ ਤੇ ਬਹਿਸ ਵਿਚ ਹਿੱਸਾ ਲੈਣ ਵਾਲੇ ਵਿਦਵਾਨਾਂ ਅਤੇ ਇਸ ਸਾਹਿਤਕ ਸਮਾਗਮ ਵਿਚ ਸ਼ਾਮਲ ਹੋਏ ਸਮੂਹ ਹਾਜ਼ਰ ਲੇਖਕਾਂ, ਕਵੀਆਂ/ਕਵਿੱਤਰੀਆਂ ਤੇ ਪੰਜਾਬੀ ਮਾਂ-ਬੋਲੀ ਨੂੰ ਪਿਆਰ ਕਰਨ ਵਾਲੇ ਸਰੋਤਿਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ ਅਤੇ ਪੁਸਤਕ ਸਬੰਧੀ ਉਠਾਏ ਗਏ ਸੁਆਲਾਂ ਦੇ ਜੁਆਬ ਦਿੱਤੇ ਗਏ। ਇਸ ਮੌਕੇ ਪੰਜਾਬੀ ਟੀ.ਵੀ. ਮੀਡੀਆ ਦੀ ਉਤਸ਼ਾਹੀ ਸ਼ਖ਼ਸੀਅਤ ਚਮਕੌਰ ਮਾਛੀਕੇ ਵੱਲੋਂ ਸਮਾਗਮ ਦੀ ਕਾਰਵਾਈ ਦੇ ਮੁੱਖ-ਅੰਸ਼ ਆਪਣੇ ਕੈਮਰੇ ਵਿਚ ਕੈਦ ਕੀਤੇ ਗਏ, ਜਦਕਿ ਫ਼ੋਟੋਗਰਾਫ਼ੀ ਦੀ ਸੇਵਾ 'ਕਰਾਊਨ ਇਮੀਗ੍ਰੇਸ਼ਨ' ਦੇ ਮੁੱਖ-ਸੰਚਾਲਕ ਰਾਜਪਾਲ ਹੋਠੀ ਨੇ ਨਿਭਾਈ। ਮੰਚ-ਸੰਚਾਲਨ ਦੀ ਪ੍ਰਮੁੱਖ-ਜ਼ਿੰਮੇਂਵਾਰੀ ਤਲਵਿੰਦਰ ਮੰਡ ਵੱਲੋਂ ਬਾਖ਼ੂਬੀ ਨਿਭਾਈ ਗਈ। ਸਮਾਗਮ ਵਿਚ ਕ੍ਰਿਪਾਲ ਸਿੰਘ ਪੰਨੂੰ, ਗੁਰਦੇਵ ਸਿੰਘ ਮਾਨ, ਰਜਿੰਦਰ ਸਿੰਘ ਅਠਵਾਲ, ਜਨਾਬ ਮਕਸੂਦ ਚੌਧਰੀ, ਸੁਖਮਿੰਦਰ ਰਾਮਪੁਰੀ, ਜੋਗਿੰਦਰ ਸਿੰਘ ਅਣਖੀਲਾ, ਪਰਮਜੀਤ ਸਿੰਘ ਢਿੱਲੋਂ, ਪਰਮਜੀਤ ਸਿੰਘ ਗਿੱਲ, ਗੁਰ-ਦੇਵ ਚੌਹਾਨ, ਗੁਰਦਿਆਲ ਬੱਲ, ਮਹਿੰਦਰ ਸਿੰਘ ਵਾਲੀਆ, ਦਰਸ਼ਨ ਸਿੰਘ ਦਰਸ਼ਨ, ਜਸਵਿੰਦਰ ਸਿੰਘ, ਸੁਰਿੰਦਰ ਸਿੰਘ ਸੰਧੂ, ਪ੍ਰਿੰ. ਗਿਆਨ ਸਿੰਘ ਘਈ, ਗਿਆਨ ਸਿੰਘ ਦਰਦੀ, ਵਿਪਨਦੀਪ ਸਿੰਘ ਮਰੋਕ, ਨਾਹਰ ਸਿੰਘ ਔਜਲਾ, ਗੁਰਮੇਲ ਸਿੰਘ ਬਿੰਦ, ਬਲਦੇਵ ਸਿੰਘ ਮੁੱਤਾ, ਪ੍ਰਤੀਕ ਆਰਟਿਸਟ, ਭੁਪਿੰਦਰ ਦੁਲੇ, ਸੰਨੀ ਸ਼ਿਵਰਾਜ, ਬਲਰਾਜ ਧਾਲੀਵਾਲ, ਸੁਰਜੀਤ ਕੌਰ, ਰਮਿੰਦਰ ਵਾਲੀਆ, ਅਮਰਜੀਤ ਪੰਛੀ, ਜਗਦੀਸ਼ ਕੌਰ ਝੰਡ, ਅਜੀਤ ਕੌਰ ਬਿੰਦ, ਸਰਬਜੀਤ ਕਾਹਲੋਂ, ਜਗਦੀਸ਼ ਕੌਰ ਕਾਹਲੋਂ, ਹਰਜੀਤ ਕੌਰ ਮੁੱਤਾ ਅਤੇ ਕਈ ਹੋਰ ਮਹੱਤਵਪੂਰਨ ਸ਼ਖ਼ਸੀਅਤਾਂ ਸ਼ਾਮਲ ਸਨ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224


# 'ਸੱਤਵੀ ਇੰਸਪੀਰੇਸ਼ਨਲ ਸਟੈੱਪਸ' ਵਿਚ ਟੀ.ਪੀ.ਏ.ਆਰ. ਕਲੱਬ ਦੇ 200 ਤੋਂ ਵੱਧ ਮੈਂਬਰਾਂ ਸਮੇਤ ਹਜ਼ਾਰ ਤੋਂ ਵਧੇਰੇ ਦੌੜਾਕਾਂ ਤੇ ਵਾਕਰਾਂ ਨੇ ਲਿਆ ਹਿੱਸਾ

## ਵੱਖ-ਵੱਖ ਉਮਰ ਵਰਗਾਂ ਵਿਚ ਜੇਤੂ ਮਰਦਾਂ ਤੇ ਔਰਤਾਂ ਨੂੰ ਸਨਮਾਨਿਤ ਕੀਤਾ ਗਿਆ









ਬਰੈਂਪਟਨ, (ਡਾ. ਝੰਡ) - ਬੀਤੇ ਐਤਵਾਰ 19 ਮਈ ਨੂੰ ਹੋਈ 'ਸੱਤਵੀਂ ਇੰਸਪੀਰੇਸ਼ਨਲ ਸਟੈੱਪਸ' ਵਿਚ ਵੱਖ-ਵੱਖ ਦੌੜਾਂ ਵਿਚ ਦੌੜਨ ਵਾਲਿਆਂ ਤੇ ਪੈਦਲ ਚੱਲਣ ਵਾਲਿਆਂ ਵਿਚ ਇਕ ਹਜ਼ਾਰ ਤੋਂ ਵਧੇਰੇ ਲੋਕਾਂ ਨੇ ਭਾਗ ਲਿਆ ਜਿਨ੍ਹਾਂ ਵਿਚ ਟੀ.ਪੀ.ਏ.ਆਰ.ਕਲੱਬ ਦੇ 200 ਤੋਂ ਵਧੇਰੇ ਮੈਂਬਰਾਂ ਨੇ ਬੜੇ ਉਤਸ਼ਾਹ ਤੇ ਜੋਸ਼ ਨਾਲ ਭਾਗ ਲਿਆ।

ਸਵੇਰੇ ਸਾਢੇ ਪੰਜ ਵਜੇ ਸਕਾਰਬਰੋ ਗੁਰਦੁ-ਆਰਾ ਸਾਹਿਬ ਤੋਂ ਸ਼ੁਰੂ ਹੋਈ 42 ਕਿਲੋਮੀਟਰ ਫ਼ੁੱਲ ਮੈਰਾਥਨ ਲਈ 11 ਦੌੜਾਕ ਸਨ, ਜਦ ਕਿ ਰਾਮਗੜ੍ਹੀਆ ਗੁਰੂਘਰ ਤੋਂ ਪੌਣੇ ਅੱਠ ਵਜੇ 21 ਕਿਲੋਮੀਟਰ ਹਾਫ਼ ਮੈਰਾਥਨ ਦੌੜਨ ਵਾਲਿਆਂ ਦੀ ਗਿਣਤੀ 46 ਸੀ। ਬਾਰਾਂ ਕਿਲੋਮੀਟਰ ਤੇ ਪੰਜ ਕਿਲੋਮੀਟਰ ਲਈ ਰਜਿਸਟਰ ਹੋਏ ਦੌੜਾਕਾਂ ਦੀ ਇਹ ਗਿਣਤੀ ਵੱਧਦੀ ਵੱਧਦੀ 185 ਅਤੇ 429 ਤੱਕ ਪਹੁੰਚ ਗਈ। ਪੰਜ ਕਿਲੋਮੀਟਰ ਦੌੜਨ ਵਾਲਿਆਂ ਦੀ ਵਡੇਰੀ ਗਿਣਤੀ ਨੂੰ ਮੁੱਖ ਰੱਖਦਿਆਂ ਹੋਇਆਂ ਉਨ੍ਹਾਂ ਨੂੰ ਚਾਰ ਵੱਖ-ਵੱਖ ਗਰੁੱਪਾਂ ਵਿਚ ਦੌੜਨ ਲਈ ਹਰੀ ਝੰਡੀ ਦਿੱਤੀ ਗਈ।। ਵੱਖ-ਵੱਖ ਦੌੜਾਂ ਲਈ ਬਾਕਾਇਦਾ ਰਜਿਸਟਰ ਹੋਏ ਇਨ੍ਹਾਂ ਦੌੜਾਕਾਂ ਤੇ ਪੈਦਲ ਚੱਲਣ ਵਾਲਿਆਂ ਤੋਂ ਇਲਾਵਾ ਹੋਰ ਬਹੁਤ ਸਾਰੇ ਅਜਿਹੇ ਵਿਅੱਕਤੀ ਵੀ ਸਨ ਜੋ ਆਪਣੇ ਨਾਂ ਸਮੇਂ-ਸਿਰ ਰਜਿਸਟਰ ਨਹੀਂ ਕਰਵਾ ਸਕੇ ਅਤੇ ਸੁਗਲੀਆ ਤੌਰ 'ਤੇ ਇਸ ਮਹਾਨ ਈਵੈਂਟ ਵਿਚ ਸ਼ਾਮਲ ਹੋਏ। ਇਨ੍ਹਾਂ ਤੋਂ ਇਲਾਵਾ ਛੇ ਸਾਲ ਤੋਂ ਛੋਟੇ ਬੱਚਿਆਂ ਲਈ ਇਕ ਕਿਲੋਮੀਟਰ ਦੌੜ ਦਾ ਵੀ ਆਯੋਜਨ ਕੀਤਾ ਗਿਆ।

ਡਿਕਸੀ ਗੁਰਘਰ ਦੇ ਸਾਹਮਣੇ ਬਣਾਈ ਗਈ 'ਫ਼ਿਨਿਸ਼-ਲਾਈਨ' ਉੱਪਰ ਪਹੁੰਚਣ 'ਤੇ ਦੌੜਾਕਾਂ ਤੇ ਪੈਦਲ ਚੱਲਣ ਵਾਲਿਆਂ ਦਾ ਤਾੜੀਆਂ ਦੀ ਗੂੰਜ ਨਾਲ ਸੁਆਗਤ ਕੀਤਾ ਜਾ ਰਿਹਾ ਸੀ। ਚਾਰੇ ਪਾਸੇ ਪੀਲੇ ਰੰਗ ਦੀਆਂ ਟੀ-ਸ਼ਰਟਾਂ ਵਾਲਿਆਂ ਦਾ ਸਮੁੰਦਰ ਨਜ਼ਰ ਆ ਰਿਹਾ ਸੀ। ਇਹ ਟੀ-ਸ਼ਰਟਾਂ ਸਿੱਖ ਸਪਿਰਿਚੂਅਲ ਸੈਂਟਰ ਗੁਰੂਘਰ ਵੱਲੋਂ ਸਪਾਂਸਰ ਕੀਤੀਆਂ ਗਈਆਂ ਸਨ। ਦੌੜਾਕਾਂ ਲਈ ਵੱਖ-ਵੱਖ ਫ਼ਲਾਂ, ਸਪਰਾਊਟਿਡ ਮੂੰਗੀ ਤੇ ਹੋਰ ਪੌਸ਼ਟਿਕ ਪਦਾਰਥਾਂ ਦਾ ਸੁਯੋਗ ਪ੍ਰਬੰਧ ਸੀ। ਇਕ ਵੱਡੇ ਟੈਂਟ ਵਿਚ ਕੜੀ-ਚਾਵਲ ਦਾ ਲੰਗਰ ਵੀ ਚੱਲ ਰਿਹਾ ਸੀ। ਵੱਖ-ਵੱਖ ਉਮਰ-ਵਰਗਾਂ ਵਿਚ ਜੇਤੂ ਦੌੜਾਕ ਮਰਦ ਤੇ ਔਰਤਾਂ ਨੂੰ ਵਿਸ਼ੇਸ਼ ਸਨਮਾਨ ਦੇ ਕੇ ਸਨਮਾਨਿਤ ਕੀਤਾ ਜਾ ਰਿਹਾ ਸੀ। ਇਨ੍ਹਾਂ ਜੇਤੂਆਂ ਵਿਚ ਫੁੱਲ ਮੈਰਾਥਨ ਕੈਟਗਰੀ ਵਿਚ ਬਹਾਦਰ ਸਿੰਘ ਸ਼ੋਕਰ (ਸਮਾਂ 3 ਘੰਟੇ 39 ਮਿੰਟ 57 ਸਕਿੰਟ) ਪਹਿਲੇ ਨੰਬਰ 'ਤੇ ਅਤੇ ਕਮਲਜੀਤ ਸਿੰਘ (ਸਮਾਂ 4 ਘੰਟੇ 29 ਮਿੰਟ 56 ਸਕਿੰਟ) ਤੇ ਦੂਸਰੇ ਨੰਬਰ 'ਤੇ ਰਹੇ। ਫ਼ੁੱਲ ਮੈਰਾਥਨ ਦੀ ਵਾਕਰ ਕੈਟਾਗਰੀ ਵਿਚ ਟੀ.ਪੀ.ਏ.ਆਰ. ਕਲੱਬ ਦੇ ਮੈਂਬਰ ਸੰਜੂ ਗੁਪਤਾ ਨੂੰ 6 ਘੰਟੇ 3 ਮਿੰਟ 12 ਸਕਿੰਟ ਦੇ ਸਮੇਂ ਨਾਲ ਪਹਿਲਾ ਅਤੇ ਰਾਜਨ ਸੱਭਰਵਾਲ ਨੂੰ 8 ਘੰਟੇ 27 ਮਿੰਟ ਨਾਲ ਦੂਸਰਾ ਸਥਾਨ ਪ੍ਰਾਪਤ ਹੋਇਆ। ਇੰਜ ਹੀ, ਹਾਫ਼ ਮੈਰਾਥਨ ਵਿਚ ਹਰਜੋਤ ਬੈਂਸ 1 ਘੰਟਾ 50 ਮਿੰਟ ਨਾਲ ਪਹਿਲੇ ਤੇ ਸਤਿੰਦਰ ਸਿਵੀਆ 1 ਘੰਟਾ 51 ਮਿੰਟ ਨਾਲ ਪਹਿਲੇ ਤੇ ਦੂਸਰੇ ਨੰਬਰ 'ਤੇ ਰਹੇ। 12 ਕਿਲੋਮੀਟਰ ਕੈਟਾਗਰੀ ਵਿਚ ਜਤਿੰਦਰ ਜਸਵਾਲ 50 ਮਿੰਟ 41 ਸਕਿੰਟ ਅਤੇ ਦਲਵੀਰ ਬਹਿਲ 55 ਮਿੰਟ 10 ਸਕਿੰਟ ਨਾਲ ਪਹਿਲੇ ਤੇ ਦੂਸਰੇ ਸਥਾਨ 'ਤੇ ਰਹੇ। 5 ਕਿਲੋਮੀਟਰ ਦੌੜ ਵਿਚ ਜੈਵੀਰ ਸੰਧਰ 20 ਮਿੰਟ 35 ਸਕਿੰਟ ਅਤੇ ਈਥਨ ਬੈਨਿੰਗ 21 ਮਿੰਟ 11 ਸਕਿੰਟ ਨਾਲ ਪਹਿਲੇ ਤੇ ਦੂਸਰੇ ਨੰਬਰ 'ਤੇ ਰਹੇ।

ਔਰਤਾਂ ਦੀ ਕੈਟਾਗਰੀ ਵਿਚ ਫੁੱਲ ਮੈਰਾਥਨ ਵਾਕਰ ਤਰਨਜੀਤ ਕੌਰ (9:23:06) ਤੇ ਖ਼ੁਸ਼ਵਿਨ ਧਾਲੀਵਾਲ ਨੇ ਏਨੇ ਹੀ ਸਮੇਂ (9:23:06) ਨਾਲ ਪਹਿਲਾ ਤੇ ਸਥਾਨ ਪ੍ਰਾਪਤ ਕੀਤਾ ਅਤੇ ਹਾਫ਼ ਮੈਰਾਥਨ ਵਿਚ ਰੁਪਿੰਦਰ ਢਿੱਲੋਂ (2:21:29) ਤੇ ਗੁਰਜੋਤ ਥਾਂਦੀ (3:01:31) ਪਹਿਲੇ ਤੇ ਦੂਸਰੇ ਨੰਬਰ 'ਤੇ ਰਹੀਆਂ। 12 ਕਿਲੋਮੀਟਰ ਦੌੜ ਵਿਚ ਕਿਰਨ ਬੱਟੂ (1:05:04) ਤੇ ਜਸਵਿੰਦਰ ਮਾਹੀ (1:17:18) ਨਾਲ ਪਹਿਲੇ ਤੇ ਦੂਸਰਾ ਸਥਾਨ ਪ੍ਰਾਪਤ ਕੀਤਾ। 5 ਕਿਲੋਮੀਟਰ ਦੌੜ ਵਿਚ ਅਮੀਤ ਕਲੇਰ 27 ਮਿੰਟ 32 ਸਕਿੰਟ ਤੇ ਅਨੁਰੀਤ ਬੇਦੀ 28 ਮਿੰਟ 44 ਸਕਿੰਟ ਸਮੇਂ ਨਾਲ ਪਹਿਲੇ ਤੇ ਦੂਸਰੇ ਨੰਬਰ 'ਤੇ ਰਹੀਆਂ।

ਟੀ.ਪੀ. ਏ.ਆਰ. ਕਲੱਬ ਦਾ ਮੈਂਬਰ ਸੰਜੂ ਗੁਪਤਾ ਜਿੱਥੇ 42 ਕਿਲੋਮੀਟਰ ਵਾਕਰ ਕੈਟਾਗਰੀ ਵਿਚ 6 ਘੰਟੇ 3 ਮਿੰਟ 12 ਸਕਿੰਟ ਦੇ ਸਮੇਂ ਨਾਲ ਪਹਿਲੇ ਨੰਬਰ 'ਤੇ ਰਿਹਾ, ਉੱਥੇ ਇਸ ਕਲੱਬ ਦੇ ਧਿਆਨ ਸਿੰਘ ਸੋਹਲ ਹਾਫ਼ ਮੈਰਾਥਨ 1 ਘੰਟਾ 52 ਮਿੰਟ 12 ਸਕਿੰਟ ਸਮੇਂ ਨਾਲ ਤੀਸਰੇ ਨੰਬਰ 'ਤੇ ਅਤੇ ਸਵਰਨ ਸਿੰਘ 1 ਘੰਟਾ 52 ਮਿੰਟ 47 ਸਕਿੰਟ ਨਾਲ ਚੌਥੇ ਨੰਬਰ 'ਤੇ ਰਹੇ। ਕਲੱਬ ਦੇ ਹੋਰ ਮੈਂਬਰਾਂ ਸੋਢੀ ਕੰਗ ਨੇ ਇਹ ਦੌੜ 2 ਘੰਟੇ 11 ਮਿੰਟ 9 ਸਕਿੰਟ, ਰੈਮੀ ਪੁਨੀਆ ਨੇ 2 ਘੰਮੇ 11 ਮਿੰਟ 32 ਸਕਿੰਟ ਅਤੇ ਸੁਖਦੇਵ ਸੰਧੂ ਨੇ 2 ਘੰਟੇ 29 ਮਿੰਟ 29 ਸਕਿੰਟ ਵਿਚ ਸਮਾਪਤ ਕੀਤੀ। ਇੱਥੇ ਇਹ ਜ਼ਿਕਰਯੋਗ ਹੈ ਕਿ ਸੰਜੂ ਗੁਪਤਾ ਨੇ ਇੰਸਪੀਰੇਸ਼ਨਲ ਸਟੈੱਪਸ ਈਵੈਂਟ ਦੀਆਂ ਹੁਣ ਤੀਕ ਹੋਈਆਂ ਸੱਤ ਦੌੜਾਂ ਵਿੱਚੋਂ ਛੇਆਂ ਵਿਚ ਹਿੱਸਾ ਲਿਆ ਹੈ। ਪਹਿਲੀ ਵਾਰ ਉਹ ਹਾਫ਼ ਮੈਰਾਥਨ ਦੌੜਿਆਂ ਅਤੇ ਫਿਰ ਪੰਜ ਵਾਰ ਲਗਾਤਾਰ ਫ਼ੁੱਲ-ਮੈਰਾਥਨ ਵਿਚ ਭਾਗ ਲੈਂਦਾ ਰਿਹਾ। ਇਸ ਤਰ੍ਹਾਂ 'ਇੰਸਪੀਰੇਸ਼ਨਲ ਸਟੈੱਪਸ' ਵਿਚ ਇਹ ਉਸ ਦੀ ਲਗਾਤਾਰ ਪੰਜਵੀ ਫ਼ੁੱਲ-ਮੈਰਾਥਨ ਦੌੜ ਹੈ।

ਇਸ ਕਲੱਬ ਦੇ ਸੱਭ ਤੋਂ ਸੀਨੀਅਰ ਮੈਂਬਰ ਈਸ਼ਰ ਸਿੰਘ ਚਾਹਲ (75 ਸਾਲ) ਨੇ 12 ਕਿਲੋਮੀਟਰ ਦੌੜ 2 ਘੰਟੇ 8 ਮਿੰਟ 8 ਸਕਿੰਟ ਵਿਚ ਪੂਰੀ ਕੀਤੀ। ਇੱਥੇ ਇਹ ਵਰਨਣਯੋਗ ਹੈ ਕਿ ਉਨ੍ਹਾਂ ਦਾ ਛੋਟਾ ਬੇਟਾ ਜੋਤ ਚਾਹਲ, ਨੂੰਹ ਜਸਕੀਰਤ ਚਾਹਲ ਅਤੇ ਪੋਤਰੀਆਂ ਮੇਹਰ (13 ਸਾਲ) ਤੇ ਮੌਜ (4 ਸਾਲ) ਅਮਰੀਕਾ ਦੇ ਸ਼ਹਿਰ ਫੇਅਟਵਿਲ ਤੋਂ ਉਚੇਚੇ ਤੌਰ 'ਤੇ ਇਸ ਈਵੈਂਟ ਵਿਚ ਭਾਗ ਲੈਣ ਲਈ ਇਕ ਦਿਨ ਪਹਿਲਾਂ ਇੱਥੇ ਪਹੁੰਚੇ ਅਤੇ ਈਵੈਂਟ ਦੀ ਸਮਾਪਤੀ ਤੋਂ ਬਾਅਦ ਓਸੇ ਦਿਨ ਹੀ ਵਾਪਸ ਚਲੇ ਗਏ। ਉਨ੍ਹਾਂ ਦੀ ਨੂੰਹ ਜਸਕੀਰਤ ਚਾਹਲ ਨੇ 12 ਕਿਲੋਮੀਟਰ ਦੌੜ 1 ਘੰਟਾ 26 ਮਿੰਟ 41 ਸਕਿੰਟ ਵਿਚ ਪੂਰੀ ਕੀਤੀ ਅਤੇ ਛੇਵੇਂ ਸਥਾਨ 'ਤੇ ਰਹੀ।

ਟੀ.ਪੀ.ਏ.ਆਰ. ਕਲੱਬ ਦਾ ਇਕ ਹੋਰ ਹਾਸਲ ਇਸ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਦੇ ਵੱਡੇ ਭਰਾ ਹਜ਼ੂਰਾ ਸਿੰਘ ਬਰਾੜ ਦਾ 11 ਸਾਲਾ ਪੋਤਰਾ ਰਣਬੀਰ ਬਰਾੜ ਹੈ ਜਿਸ ਨੇ 12 ਕਿਲੋਮੀਟਰ ਦੌੜ 1 ਘੰਟਾ 20 ਮਿੰਟ 8 ਸਕਿੰਟ ਵਿਚ ਸਮਾਪਤ ਕਰਕੇ 10-12 ਸਾਲ ਦੀ ਆਪਣੀ ਕੈਟਾਗਰੀ ਵਿਚ ਪਹਿਲੇ ਨੰਬਰ 'ਤੇ ਆਇਆ। ਉਹ ਇਸ ਕਲੱਬ ਦਾ ਸੱਭ ਤੋਂ ਛੋਟੀ ਉਮਰ ਵਾਲਾ ਮੈਂਬਰ ਹੈ ਅਤੇ ਉਸ ਦੀ ਇਸ ਪ੍ਰਾਪਤੀ ਨਾਲ ਪੰਜਾਬੀ ਕਮਿਊਨਿਟੀ ਦੇ ਹੋਰ ਬੱਚਿਆਂ ਤੇ ਨੌਜੁਆਨਾਂ ਨੂੰ ਭਾਰੀ ਉਤਸ਼ਾਹ ਮਿਲੇਗਾ।


# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Residential | Commercial | Investment

Jagdish Grewal
Sales Representative
(416) 970-5005



Century 21 President Realty Inc Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

# ਮਹਾਤਮਾ ਗਾਂਧੀ ਨੂੰ ਅਖੌਤਾ ਨੇਤਾ ਕਿੰਨੀ ਕੁ ਵਾਰ ਮਾਰਨਗੇ

-ਮਾਸਟਰ ਮੋਹਨ ਲਾਲ, ਸਾਬਕਾ ਟਰਾਂਸਪੋਰਟ ਮੰਤਰੀ, ਪੰਜਾਬ

30 ਜਨਵਰੀ 1948 ਨੂੰ ਇੱਕ ਵਾਰ ਜੋ ਨੱਥੂਰਾਮ ਗੌਡਸੇ ਨੇ ਮਹਾਤਮਾ ਗਾਂਧੀ ਨੂੰ ਮਾਰ ਦਿੱਤਾ ਸੀ ਤਾਂ ਇਹ ਗੱਲ ਉਥੇ ਖਤਮ ਹੋ ਜਾਣੀ ਚਾਹੀਦੀ ਹੈ। ਭਾਰਤੀ ਦੰਡਾਵਲੀ 'ਚ ਮ੍ਰਿਤਕ ਦੀ ਲਾਸ਼ ਦਾ ਅਪਮਾਨ ਸਜ਼ਾ ਯੋਗ ਹੈ, ਪਰ ਇਨ੍ਹਾਂ 70-77 ਸਾਲਾਂ ਵਿੱਚ ਅਸੀਂ ਰੋਜ਼ ਗਾਂਧੀ ਨੂੰ ਗੋਲੀ ਮਾਰ ਦਿੰਦੇ ਹਾਂ। ਏਦਾਂ ਹਰ ਲੋਕ ਸਭਾ ਜਾਂ ਵਿਧਾਨ ਸਭਾ ਚੋਣਾਂ ਵਿੱਚ ਹੋਇਆ ਹੈ। ਮਹਾਤਮਾ ਗਾਂਧੀ ਨੂੰ ਗੋਲੀ ਮਾਰੋ ਅਤੇ ਵੋਟਾਂ ਲਓ। ਜਿੰਨੀ ਮੋਟੀ ਆਵਾਜ਼ ਵਿੱਚ ਮਹਾਤਮਾ ਗਾਂਧੀ ਨੂੰ ਗੋਲੀ ਮਾਰੇਗਾ, ਉਹ ਓਨਾ ਹੀ ਵੱਡਾ ਨੇਤਾ ਅਖਵਾਏਗਾ।

ਭਾਰਤ ਦੇ ਬੁੱਧੀਜੀਵੀ ਲੋਕ ਇਨ੍ਹਾਂ ਗੋਲੀਆਂ ਦੀ ਭਾਸ਼ਾ ਬੋਲਣ ਵਾਲਿਆਂ ਦੀ ਅੰਤਰ-ਆਤਮਾ ਵਿੱਚ ਦਾਖਲ ਹੋ ਕੇ ਦੇਖਣ ਕਿ ਇਹ ਕਿਹੜਾ ਰਾਜਨੇਤਾ ਹੈ? ਠੋਸ ਤੌਰ 'ਤੇ ਜਵਾਬ ਦੇਣ ਵਾਲੇ ਇੱਕੋ ਸਾਹ ਵਿੱਚ ਬੋਲਣ ਲੱਗਣਗੇ ਆਰ ਐਸ ਐਸ ਵਾਲੇ, ਇਹ ਰਾਸ਼ਟਰੀ ਸਵੈ ਸੇਵਕ ਸੰਘ ਵਾਲੇ। ਅਜਿਹੇ ਜੁਆਬ ਦੇਣ ਵਾਲੇ ਨਾ ਮਹਾਤਮਾ ਗਾਂਧੀ ਨੂੰ ਜਾਣ ਸਕੇ, ਨਾ ਉਨ੍ਹਾਂ ਨੂੰ ਸੰਘ ਦੀ ਵਿਚਾਰਧਾਰਾ ਦਾ ਗਿਆਨ ਹੈ। ਸੰਘ ਇੱਕ ਸਮਾਜਕ ਇਨ-ਕਲਾਬ ਦੇ ਨਜ਼ਰੀਏ ਵਾਲਾ ਹੈ, ਜਿਸ ਦਾ ਹਿੰਸਾ ਨਾਲ ਮੀਲਾਂ ਦੂਰ ਤੱਕ ਦਾ ਨਾਤਾ ਨਹੀਂ। ਸੰਘ ਭਾਰਤੀ ਸੰਸਕ੍ਰਿਤੀ ਦਾ ਅਨਾਊਂਸਰ, ਦੇਸ਼ ਦੀ ਹਰ ਆਫਤ ਦਾ ਸਹਿਯੋਗੀ। ਸੰਘ ਦੀ ਸ਼ਾਖਾ ਵਿੱਚ ਮਹਾਤਮਾ ਗਾਂਧੀ ਅਕਸਰ ਯਾਦ ਕਰਨ ਯੋਗ ਹਨ। ਇਹ ਇੱਕਾ-ਦੁੱਕਾ ਨੇਤਾ, ਜੋ ਮਹਾਤਮਾ ਗਾਂਧੀ ਨੂੰ ਰੋਜ਼ ਗੋਲੀ ਦਾ ਨਿਸ਼ਾਨਾ ਬਣਾਉਂਦੇ ਹਨ, ਉਨ੍ਹਾਂ ਨੂੰ ਸੰਘ ਦੇ ਪੈਰਾਂ ਦੀ ਧੂੜ ਦਾ ਵੀ ਪਤਾ ਨਹੀਂ।

ਦੂਜੀ ਗੱਲ ਭਾਰਤੀ ਸੰਸਕ੍ਰਿਤੀ ਦੀ ਕਰੀਏ ਤਾਂ ਇਹ ਨਿਰਾਲੀ ਹੈ। ਇਥੇ ਮਰਨ ਵਾਲੇ ਦੇ ਸਿਰਫ ਗੁਣ ਦੇਖੇ ਜਾਣਗੇ, ਉਸ ਦੇ ਔਗੁਣਾਂ ਦਾ ਵਰਣਨ ਪਾਪ ਕਿਹਾ ਜਾਵੇਗਾ। ਮਰਨ ਤੋਂ ਬਾਅਦ ਮਹਾਤਮਾ ਗਾਂਧੀ ਨੂੰ 'ਵਿਲੇਨ' ਦੱਸਣਾ ਘੋਰ ਪਾਪ ਹੈ। ਅਜਿਹੀਆਂ ਪਾਪੀ ਆਤਮਾਵਾਂ, ਜਿਨ੍ਹਾਂ ਨੇ ਮਰਨ ਤੋਂ ਬਾਅਦ ਵੀ ਗਾਂਧੀ ਨੂੰ ਨਹੀਂ ਬਖਸ਼ਿਆ, ਸਜ਼ਾ ਦੇਣ ਯੋਗ ਹਨ।

ਗਾਂਧੀ ਨੂੰ ਗੋਲੀ ਮਾਰਨ ਵਾਲੇ ਬੁਰਾ ਨਾ ਮੰਨਣ, ਮੈਂ ਅਰਜ਼ ਕਰਦਾ ਹਾਂ। ਪਿਛਲੇ ਹਜ਼ਾਰ ਸਾਲਾਂ 'ਚ ਮਹਾਤਮਾ ਗਾਂਧੀ ਸਿਰਫ ਇੱਕ ਹੋਏ ਹਨ। ਉਹ ਇੱਕ ਸੰਸਥਾ ਸਨ, ਇੱਕ ਵਿਚਾਰਧਾਰਾ ਸਨ। ਨੇਤਾ ਬੜੇ ਹੋਏ, ਰਾਜਨੇਤਾ ਉਸ ਤੋਂ ਵੀ ਵੱਧ ਹੋਏ। ਇਸ ਦੇਸ਼ ਵਿੱਚ ਇਨਕਲਾਬੀ ਹੋਏ, ਆਜ਼ਾਦੀ ਦੇ ਦੀਵਾਨੇ ਬੜੇ ਹੋਏ। ਸੁਭਾਸ਼ ਚੰਦਰ ਬੋਸ ਹੋਏ, ਭਗਤ ਸਿੰਘ ਹੋਏ। ਗੋਖਲੇ ਤੋਂ ਲੋਕਮਾਨਯ ਤਿਲਕ ਤੱਕ ਦੇ ਓਜੱਸਵੀ ਨੇਤਾ ਹੋਏ, ਪਰ ਮਹਾਤਮਾ ਸਿਰਫ ਮੋਹਨਦਾਸ ਕਰਮਚੰਦ ਗਾਂਧੀ ਹੋਏ। ਇੱਕ ਧੋਤੀ, ਇੱਕ ਲੰਗੋਟੀ ਵਿੱਚ ਅੰਗਰੇਜ਼ੀ ਸਲਤਨਤ ਨਾਲ ਭਿੜ ਗਏ। ਸੱਚਾਈ, ਸੱਤਿਆਗ੍ਰਹਿ ਤੇ ਅਹਿੰਸਾ ਦੇ ਹਥਿਆਰ ਹੱਥ ਵਿੱਚ ਫੜ ਕੇ ਅੰਗਰੇਜ਼ਾਂ ਨਾਲ ਭਿੜ ਪਏ। ਗੀਤ ਦੁਹਰਾਏ ਜਾਣ ਲੱਗੇ: 'ਦੇ ਦੀ ਹਮੇਂ ਆਜ਼ਾਦੀ, ਬਿਨਾਂ ਖੜਗ ਬਿਨਾਂ ਢਾਲ, ਸਾਬਰਮਤੀ ਕੇ ਸੰਤ, ਤੂ ਨੇ ਕਰ ਦੀਆ ਕਮਾਲ'। ਹਿੰਦੂ ਹੋਣ ਜਾਂ ਮੁਸਲਮਾਨ, ਸਿੱਖ ਹੋਣ ਜਾਂ ਈਸਾਈ, ਮਹਾਤਮਾ ਗਾਂਧੀ ਨੇ ਬਰਾਬਰਤਾ ਦੀ ਘੁੱਟੀ ਸਭ ਦੇਸ਼ ਵਾਸੀਆਂ ਨੂੰ ਪਿਆਈ। ਅੰਗਰੇਜ਼ ਚਲਾਕ ਹੁਕਮਰਾਨ ਸਨ। ਉਨ੍ਹਾਂ ਨੇ ਬਲ ਨਾਲ ਭਾਰਤ ਨੂੰ ਆਪਣੇ ਕਬਜ਼ੇ 'ਚ ਰੱਖਿਆ ਸੀ। ਭਾਰਤ ਦਾ ਸੋਸ਼ਣ ਅੰਗਰੇਜ਼ ਕਰਦੇ ਸਨ। ਬੰਬ ਚਲਾਉਣੇ, ਗੋਲੀ-ਦੋਨਾਲੀ ਨਾਲ ਆਜ਼ਾਦੀ ਹਾਸਲ ਕਰਨਾ ਇਨਕਲਾਬੀਆਂ ਦਾ ਇੱਕ ਰਾਹ ਸੀ, ਪਰ ਸੱਚਾਈ, ਅਹਿੰਸਾ ਤੇ ਸੱਤਿਆਗ੍ਰਹਿ ਰਾਹੀਂ ਅੰਗਰੇਜ਼ੀ ਸਲਤਨਤ ਵਿਰੁੱਧ ਡਟੇ ਰਹਿਣਾ ਮਹਾਤਮਾ ਗਾਂਧੀ ਨੇ ਉਦੋਂ ਦੇਸ਼ ਵਾਸੀਆਂ ਨੂੰ ਸਿਖਾਇਆ।

ਗਾਂਧੀ ਜੀ ਨੇ ਐਲਾਨ ਕੀਤਾ ਸੀ ਕਿ ਪਾਕਿਸਤਾਨ ਉਨ੍ਹਾਂ ਦੀ ਲਾਸ਼ ਉੱਤੇ ਬਣੇਗਾ, ਪਰ ਅੰਗਰੇਜ਼ ਮੈਕਾਲੇ ਦੇ ਪੁੱਤਰ ਸਨ, 'ਫੁੱਟ ਪਾਓ ਅਤੇ ਰਾਜ ਕਰੋ' ਇਹ ਉਨ੍ਹਾਂ ਦੀ ਰਾਜਨੀਤੀ ਦਾ ਕੇਂਦਰ ਬਿੰਦੂ ਸੀ। ਅਜਿਹੀ ਹਾਲਤ ਵਿੱਚ ਉਸ ਚਲਾਕ ਅੰਗਰੇਜ਼ ਨੂੰ ਪਾਕਿਸਤਾਨ ਬਣਾਉਣ ਵਾਲੇ ਅੜੀਅਲ ਮੁਹੰਮਦ ਜਿੰਨਾਹ ਮਿਲ ਗਏ, ਜਿਨ੍ਹਾਂ ਨੇ ਉਦੋਂ ਅੱਗ 'ਚ ਘਿਓ ਪਾਉਣ ਦੀ ਨੀਤੀ ਅਪਣਾਈ। ਉਦੋਂ ਦੇ ਨੇਤਾਵਾਂ ਨੂੰ ਜ਼ਰਾ ਵੀ ਅਹਿਸਾਸ ਹੋ ਜਾਂਦਾ ਕਿ ਮੁਹੰਮਦ ਅਲੀ ਜਿੰਨਾਹ ਛੇ ਮਹੀਨਿਆਂ ਵਿੱਚ ਮਰਨ ਵਾਲਾ ਹੈ ਤਾਂ ਉਹ ਕਦੇ ਪਾਕਿ-ਸਤਾਨ ਬਣਾਉਣ ਦੀ ਮੰਗ ਨਾ ਮੰਨਦੇ। ਖੁਫੀਆ ਵਿਭਾਗ ਨੇ ਮੁਹੰਮਦ ਅਲੀ ਜਿੰਨਾਹ ਦੀ ਨਾਮੁਰਾਦ ਬਿਮਾਰੀ ਦੀ ਭਿਣਕ ਵੀ ਭਾਰਤੀ ਨੇਤਾਵਾਂ ਨੂੰ ਲੱਗਣ ਨਹੀਂ ਦਿੱਤੀ। ਗਾਂਧੀ ਹੀ ਇੱਕੋ-ਇੱਕ ਨੇਤਾ ਸਨ, ਜੋ ਪਾਕਿਸਤਾਨ ਬਣਾਉਣ ਦੀ ਮੰਗ ਦੇ ਵਿਰੁੱਧ ਆਖਰੀ ਪਲ ਤੱਕ ਡਟੇ ਰਹੇ। ਹਾਲਾਤ ਨੇ ਪਾਕਿਸਤਾਨ ਬਣਾ ਦਿੱਤਾ। ਗਾਲ੍ਹਾਂ, ਗੋਲੀਆਂ ਮਹਾਤਮਾ ਗਾਂਧੀ 'ਤੇ ਕਿਉਂ ਦਾਗੀਆਂ ਗਈਆਂ, ਉਹ ਭੇਤ ਅਜੇ ਤੱਕ ਸਮਝ ਵਿੱਚ ਨਹੀਂ ਆ ਸਕਿਆ।

ਅਫਸੋਸ ਇਸ ਗੱਲ ਦਾ ਜ਼ਿਆਦਾ ਹੈ ਕਿ ਜਿਸ ਵਿਅਕਤੀ ਨੂੰ ਤੀਹ ਜਨਵਰੀ 1948 ਨੂੰ ਮਾਰ ਦਿੱਤਾ ਗਿਆ ਸੀ, ਜਿਸ ਨੇ ਆਪਣੀ ਸ਼ਹਾਦਤ ਵੀ ਅਹਿੰਸਾ ਦਾ ਰਾਹ ਅਪਣਾਉਂਦੇ ਹੋਏ ਦਿੱਤੀ, ਅੱਜ ਤੱਕ ਉਸ 'ਤੇ ਗੋਲੀਆਂ ਕਿਉਂ ਚਲਾਈਆਂ ਜਾਂਦੀਆਂ ਹਨ? ਕੀ ਪ੍ਰੱਗਿਆ ਠਾਕੁਰ ਜਾਂ ਅਨਿਲ ਸੌਮਿੱਤਰ ਇਸ ਦਾ ਜਵਾਬ ਦੇਣਗੇ? ਗਾਂਧੀ ਨੇ ਪਾਕਿਸਤਾਨ ਬਣਾਇਆ, ਗਾਂਧੀ ਜੀ ਨੇ ਪਾਕਿਸਤਾਨ ਨੂੰ 55 ਕਰੋੜ ਰੁਪਏ ਦਿੱਤੇ, ਗਾਂਧੀ ਮੁਸਲਿਮ ਪ੍ਰਸਤ ਸਨ, ਇਨ੍ਹਾਂ ਗੱਲਾਂ ਕਾਰਨ ਨੱਥੂਰਾਮ ਗੌਡਸੇ ਨੇ ਮਹਾਤਮਾ ਗਾਂਧੀ ਦੀ ਹੱਤਿਆ ਕੀਤੀ ਸੀ, ਇਹ ਕਿਹਾ ਜਾਂਦਾ ਹੈ, ਪਰ ਇਹ ਸਰਾਸਰ ਗਲਤ ਹੈ। ਗਾਂਧੀ ਜੀ ਨੇ ਨਾ ਪਾਕਿਸਤਾਨ ਬਣਾਇਆ, ਨਾ ਹੀ ਉਹ ਮੁਸਲਿਮ ਪ੍ਰਸਤ ਸਨ। ਉਹ ਸਿਰਫ ਮਨੁੱਖਤਾਵਾਦੀ ਸਨ। ਨੱਥੂਰਾਮ ਗੌਡਸੇ ਉਨ੍ਹਾਂ ਨੂੰ ਮਾਰਨ ਵਿੱਚ ਸਫਲ ਹੋ ਗਿਆ, ਪਰ ਇਸ ਤੋਂ ਪਹਿਲਾਂ ਵੀ ਚਾਰ ਜਾਂ ਪੰਜ ਵਾਰ ਉਨ੍ਹਾਂ ਦੀ ਹੱਤਿਆ ਦੇ ਯਤਨ ਕੀਤੇ ਗਏ। 1934 ਵਿੱਚ ਜਦੋਂ ਪਾਕਿਸਤਾਨ ਨਾਂਅ ਦਾ ਸ਼ਬਦ ਵੀ ਅਜੇ ਪੈਦਾ ਨਹੀਂ ਹੋਇਆ ਸੀ, ਪੁਣੇ 'ਚ ਮਹਾਤਮਾ ਗਾਂਧੀ ਨੂੰ ਮਾਰਨ ਦਾ ਪਹਿਲਾ ਯਤਨ ਕੀਤਾ ਗਿਆ ਸੀ। ਪਾਕਿਸਤਾਨ ਸ਼ਬਦ ਤਾਂ 1937 ਵਿੱਚ ਸਾਹਮਣੇ ਆਇਆ। ਬਹਾਨੇ ਬਣਾ ਕੇ ਮਨੁੱਖਤਾ ਦੀ ਹੱਤਿਆ ਘਿਨਾਉਣਾ ਅਪਰਾਧ ਹੈ। ਗਾਂਧੀ ਦੀ ਹੱਤਿਆ ਨਾਲ ਅਸੀਂ ਇੱਕ ਸਿਖਿਆ ਸ਼ਾਸਤਰੀ ਦੀ ਹੱਤਿਆ ਕੀਤੀ। ਇੱਕ ਸੱਚਾਈ ਨੂੰ ਸਦਾ-ਸਦਾ ਲਈ ਮਿਟਾ ਦਿੱਤਾ। ਇੱਕ ਅਹਿੰਸਾਵਾਦੀ ਨੂੰ ਹਿੰਸਾ ਨੇ ਡੰਗ ਮਾ-ਰਆ। ਰਾਮਰਾਜ ਦੇ ਹਮਾਇਤੀ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਸਵਰਾਜ ਦੇ ਜਨਮਦਾਤਾ ਨੂੰ ਉਨ੍ਹਾਂ ਨੇ ਤੀਹ ਜਨਵਰੀ 1948 ਨੂੰ ਮਾਰ ਦਿੱਤਾ।

ਦੇਸ਼ ਦੇ ਗਾਂਧੀਵਾਦੀ ਅੱਜ ਨੱਥੂਰਾਮ ਗੌਡਸੇ ਦਾ ਗੁਣਗਾਨ ਹੋਣ ਉੱਤੇ ਚੁੱਪ ਕਿਉਂ ਹਨ? ਦੇਸ਼ 'ਚ ਅਸਹਿਣਸ਼ੀਲਤਾ ਦੀ ਦੁਹਾਈ ਦੇਣ ਵਾਲੇ, ਐਵਾਰਡ ਮੋੜਨ ਵਾਲੇ ਚੁੱਪ ਕਿਉਂ ਹਨ? ਕੀ ਦੇਸ਼ ਹਿੰਸਾ ਨਾਲ ਚੱਲੇਗਾ? ਅੱਤਵਾਦ ਨਾਲ ਦੇਸ਼ ਵਾਸੀਆਂ ਨੂੰ ਡਰਾਇਆ ਜਾਵੇਗਾ? ਨੱਥੂਰਾਮ ਗੌਡਸੇ, ਜਿਸ ਨੇ ਮਹਾਤਮਾ ਦਾ ਕਤਲ ਕੀਤਾ, ਦੇ ਮੰਦਰ ਬਣਾਏ ਜਾਣਗੇ? ਉਨ੍ਹਾਂ ਦੀ ਸ਼ਲਾਘਾ ਵਿੱਚ ਚਾਲੀਸੇ ਪੜ੍ਹੇ ਜਾਣਗੇ? ਸਿਨੇ ਸਟਾਰ ਕਮਲ ਹਾਸਨ ਨੇ ਨੱਥੂਰਾਮ ਗੌਡਸੇ ਨੂੰ ਅੱਤਵਾਦੀ ਕਿਹਾ, ਕਾਤਲ ਕਿਹਾ। ਕੋਈ ਗੱਲ ਨਹੀਂ, ਪਰ ਹਿੰਦੂ ਅੱਤਵਾਦੀ ਕਹਿ ਕੇ ਵਿਵਾਦ ਖੜ੍ਹਾ ਕਰ ਦਿੱਤਾ। ਹਿੰਦੂ ਕਦੇ ਅੱਤਵਾਦ ਉੱਤੇ ਵਿਸ਼ਵਾਸ ਨਹੀਂ ਕਰਦਾ। ਹਿੰਦੂ ਸਭ ਨੂੰ ਸੁਖੀ ਦੇਖਣਾ ਚਾਹੁੰਦਾ ਹੈ, ਸਭ ਨੂੰ ਨਿਡਰ ਬਣਾਉਣੇ ਚਾਹੁੰਦਾ ਹੈ, ਕਿਸੇ ਨੂੰ ਦੁੱਖ ਨਾ ਹੋਵੇ, ਅਜਿਹੀ ਕਲਪਨਾ 'ਚ ਜੀਣਾ ਚਾਹੁੰਦਾ ਹੈ। ਪ੍ਰੱਗਿਆ ਠਾਕੁਰ ਨੇ ਗੌਡਸੇ ਨੂੰ ਦੇਸ਼ਭਗਤ ਕਹਿਣ ਲਈ ਮੁਆਫੀ ਮੰਗ ਲਈ, ਪਰ ਜੋ ਤੀਰ ਕਮਾਨ 'ਚੋਂ ਨਿਕਲ ਗਿਆ, ਉਸ ਦਾ ਕੀ ਹੋਵੇਗਾ? ਫੈਸਲਾ ਪ੍ਰੱਗਿਆ ਠਾਕੁਰ ਖੁਦ ਕਰੇ ਕਿ ਮਹਾਤਮਾ ਗਾਂਧੀ ਦੇਸ਼ਭਗਤ ਸਨ ਜਾਂ ਗਾਂਧੀ ਦੀ ਹੱਤਿਆ ਕਰਨ ਵਾਲਾ ਦੇਸ਼ਭਗਤ ਹੈ? ਮਹਾਤਮਾ ਗਾਂਧੀ ਦੇਸ਼ਭਗਤ ਨਹੀਂ ਤਾਂ ਸਾਰੀ ਦੁਨੀਆ ਮਹਾਤਮਾ ਗਾਂਧੀ ਦੇ ਬੁੱਤ ਕਿਉਂ ਲਵਾ ਰਹੀ ਹੈ? ਸੜਕਾਂ, ਯੂਨੀਵਰਸਿਟੀਆਂ ਜਾਂ ਸੰਸਥਾਵਾਂ ਦੇ ਨਾਂਅ ਮਹਾਤਮਾ ਗਾਂਧੀ ਦੇ ਨਾਂਅ 'ਤੇ ਕਿਉਂ ਰੱਖੇ ਜਾਂਦੇ ਹਨ? ਗਾਂਧੀਵਾਦ ਦੀ ਦੁਹਾਈ ਕਿਉਂ ਦਿੱਤੀ ਜਾ ਰਹੀ ਹੈ? ਮਾਰਟਿਨ ਲੂਥਰ, ਨੈਲਸਨ ਮੰਡੇਲਾ ਜਾਂ ਮਿਆਂਮਾਰ ਦੀ ਪ੍ਰਧਾਨ ਮੰਤਰੀ 'ਸੂ ਕੀ' ਆਪਣੇ ਆਪ ਨੂੰ ਮਹਾਤਮਾ ਗਾਂਧੀ ਦੇ ਚੇਲੇ ਕਿਉਂ ਕਹਿੰਦੇ ਹਨ?

30 ਜਨਵਰੀ ਨੂੰ ਮਹਾਤਮਾ ਗਾਂਧੀ ਦੀ ਸਮਾਧੀ 'ਤੇ ਫੁੱਲ ਕਿਉਂ ਚੜ੍ਹਾਏ ਜਾਂਦੇ ਹਨ? ਤੀਹ ਜਨਵਰੀ ਨੂੰ ਮਹਾਤਮਾ ਗਾਂਧੀ ਦੀ ਯਾਦ ਵਿੱਚ ਸਾਇਰਨ ਕਿਉਂ ਵਜਾਏ ਜਾਂਦੇ ਹਨ? ਭਾਰਤ ਹਰ ਸਾਲ 30 ਜਨਵਰੀ ਨੂੰ ਸਵੇਰੇ 11 ਵਜੇ ਮੌਨ ਮੁਦਰਾ ਵਿੱਚ ਕਿਉਂ ਖੜ੍ਹਾ ਹੋ ਜਾਂਦਾ ਹੈ? ਇਸ ਲਈ ਕਿ ਮਨੁੱਖ ਸ਼ਾਂਤੀ ਨਾਲ ਰਹਿਣਾ ਚਾਹੁੰਦਾ ਹੈ, ਸਭ ਨੂੰ ਸੁਖੀ ਦੇਖਣਾ ਚਾਹੁੰਦਾ ਹੈ ਅਤੇ ਇਹੀ ਮਹਾਤਮਾ ਗਾਂਧੀ, ਜਿਨ੍ਹਾਂ ਨੂੰ ਕਥਿਤ ਨੇਤਾ ਅੱਜ ਗੋਲੀ ਮਾਰ ਰਹੇ ਹਨ 'ਸ਼ਾਂਤੀ ਦੂਤ ਸਨ, ਅਹਿੰਸਾ ਦੇ ਪੁਜਾਰੀ ਅਤੇ ਸੱਚ 'ਤੇ ਚੱਲਣ ਵਾਲੇ ਸਨ।' ਪ੍ਰੱਗਿਆ ਠਾਕੁਰ ਨੱਥੂਰਾਮ ਗੌਡਸੇ, ਭਾਵ ਹਿੰਸਾ ਦਾ ਗੁਣਗਾਨ ਨਾ ਕਰੇ। ਇਸ ਦੇਸ਼ ਦਾ ਭਲਾ ਗਾਂਧੀਵਾਦੀ ਵਿਚਾਰਧਾਰਾ ਅਪਣਾਉਣ 'ਚ ਹੈ, ਅੱਤਵਾਦੀ ਵਿਚਾਰਧਾਰਾ ਅਪਣਾਉਣ ਵਿੱਚ ਨਹੀਂ, ਨਹੀਂ ਤਾਂ ਸੀਰੀਆ ਅਤੇ ਕਸ਼ਮੀਰ ਵਾਦੀ ਦੇ ਹਾਲਾਤ ਪ੍ਰੱਗਿਆ ਠਾਕੁਰ ਦੇਖ ਲਵੇ। ਨਿਰਮਾਣ ਚਾਹੀਦਾ ਹੈ ਜਾਂ ਤਬਾਹੀ? ਜੰਗ ਚਾਹੀਦੀ ਹੈ ਜਾਂ ਸ਼ਾਂਤੀ? ਜਵਾਬ ਸਪੱਸ਼ਟ ਹੈ ਕਿ ਦੇਸ਼ ਗਾਂਧੀ ਨੂੰ ਲੱਭੇ।

# ਜਦੋਂ ਮੈਂ ਹਾਥੀ ਉੱਤੇ ਚੜ੍ਹਿਆ

-ਮਨਮੋਹਨ ਸਿੰਘ ਦਾਊਂ



ਗੱਲ ਦੋ ਜਨਵਰੀ 2005 ਦੀ ਹੈ। ਪੰਜਾਬੀ ਕਲਚਰਲ ਐਂਡ ਵੈਲਫੇਅਰ ਸੁਸਾਇਟੀ ਮੋਹਾਲੀ ਵੱਲੋਂ 13ਵਾਂ ਡਾ. ਮਹਿੰਦਰ ਸਿੰਘ ਰੰਧਾਵਾ ਯਾਦਗਾਰੀ ਸੱਭਿਆਚਾਰਕ ਮੇਲਾ ਕਰਵਾਇਆ ਜਾਣਾ ਸੀ। ਸੁਸਾਇਟੀ ਦੇ ਪ੍ਰਧਾਨ ਫੂਲਰਾਜ ਸਿੰਘ (ਐਮ ਸੀ) ਦਾ ਮੈਨੂੰ ਲਿਖਤੀ ਪੱਤਰ ਆਇਆ ਕਿ ਤੁਹਾਨੂੰ ਪੰਜਾਬੀ ਸਾਹਿਤਕਾਰ ਵਜੋਂ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਮੌਕੇ ਉਘੀਆਂ ਸ਼ਖਸੀਅਤਾਂ ਵਿੱਚ ਸੇਵਾ ਦੇ ਪੁੰਜ ਠੇਕੇਦਾਰ ਬਲਵਿੰਦਰ ਸਿੰਘ ਸੈਫਦੀਪੁਰ, ਹਾਕੀ ਦੇ ਸਿਤਾਰੇ ਦਵਿੰ-ਦਰ ਸਿੰਘ ਗਰਚਾ ਆਈ ਪੀ ਐਸ, ਗਾਇਕ ਗੁਰਸੇਵਕ ਮਾਨ ਨੂੰ ਵੀ ਸਨਮਾਨਿਤ ਕਰਨਾ ਸੀ। ਕਾਰਗਿਲ ਜੰਗ ਦੇ ਸ਼ਹੀਦ ਮੇਜਰ ਜਤਿੰਦਰਦੀਪ ਸਿੰਘ ਧਾਲੀਵਾਲ ਦੇ ਪਰਵਾਰ ਨੂੰ ਵੀ ਸਨਮਾਨਿਤ ਕਰਨ ਲਈ ਸੱਦਿਆ ਸੀ। ਸੁਸਾਇਟੀ ਦਾ ਫੈਸਲਾ ਸੀ ਕਿ ਸਨਮਾਨਿਤ ਸ਼ਖਸੀਅਤਾਂ ਨੂੰ ਰੋਜ਼ ਗਾਰਡਨ ਫੇਜ਼ 3-ਬੀ-1 ਤੋਂ ਪੂਰੀ ਸ਼ਾਨੋ ਸ਼ੌਕਤ ਨਾਲ ਬੈਂਡ ਵਾਜੇ ਨਾਲ ਹਾਥੀ ਉਤੇ ਚੜ੍ਹ ਕੇ ਦੁਸਹਿਰਾ ਗਰਾਊਂਡ ਵਿੱਚ ਸਮਾਗਮ ਵਾਲੀ ਥਾਂ ਲਿਆਂਦਾ ਜਾਵੇਗਾ। ਗਾਇਕ ਗੁਰਸੇਵਕ ਮਾਨ ਨੇ ਆਪਣੇ ਬੇਲੀਆਂ ਨਾਲ ਆਪਣੀ ਗੱਡੀ ਵਿੱਚ ਆਉਣਾ ਸੀ ਅਤੇ ਬਾਕੀਆਂ ਨੇ ਹਾਥੀ ਉੱਤੇ ਸਵਾਰ ਹੋ ਕੇ ਪ੍ਰਵੇਸ਼ ਕਰਨਾ ਸੀ। ਮੈਂ ਆਪਣੇ ਪਰਵਾਰ ਸਮੇਤ ਮਿੱਥੇ ਸਮੇਂ ਰੋਜ਼ ਗਾਰਡਨ ਵਾਲੀ ਥਾਂ ਪੁੱਜ ਗਿਆ। ਸੁਸਾਇਟੀ ਮੈਂਬਰਾਂ ਨੇ ਸਵਾਗਤ ਵੇਲੇ ਮੈਨੂੰ ਹਾਰਾਂ ਨਾਲ ਲੱਦ ਦਿੱਤਾ। ਫਿਰ ਹਾਥੀ 'ਤੇ ਚੜ੍ਹਨ ਦੀ ਵਾਰੀ ਸੀ। ਮੈਂ ਨਾਂਹ ਨੁੱਕਰ ਕੀਤੀ। ਹਾਥੀ ਪੂਰਾ ਸਜਾਇਆ ਹੋਇਆ ਸੀ ਅਤੇ ਉਸ ਦਾ ਮਹਾਵਤ ਪੂਰੇ ਜੋਸ਼ ਨਾਲ ਹਾਥੀ 'ਤੇ ਚੜ੍ਹਨ ਦੇ ਇਸ਼ਾਰੇ ਕਰ ਰਿਹਾ ਸੀ। ਉਹ ਕਹਿ ਰਿਹਾ ਸੀ, 'ਡਰੀਏ ਮਤ, ਯੇਹ ਹਮਾਰਾ ਪਾਲਤੂ ਜਾਨਵਰ ਹੈ। ਪੂਰਾ ਸਿੱਖਿਅਕ ਹੈ। ਮੈਂ ਆਪ ਕੋ ਚੜ੍ਹਾਤਾ ਹੂੰ।' ਮਹਾਵਤ ਨੇ ਮੈਨੂੰ ਹਾਥੀ ਦੀਆਂ ਪਿਛਲੀਆਂ ਲੱਤਾਂ ਰਾਹੀਂ ਰੱਸਾ ਫੜਾ ਕੇ ਦੋ ਬੰਦਿਆਂ ਦੇ ਸਹਾਰੇ ਗੇਂਦ ਵਾਂਗੂ ਪੰਦਰਾਂ ਵੀਹ ਫੁੱਟ ਉਚੇ ਹਾਥੀ 'ਤੇ ਬਿਠਾ ਦਿੱਤਾ। ਮੈਂ ਸੁੱਖ ਦਾ ਸਾਹ ਲਿਆ।

ਇਉਂ ਲੱਗਾ ਜਿਵੇਂ ਮੈਂ ਕਿਸੇ ਪਹਾੜੀ 'ਤੇ ਚੜ੍ਹ ਗਿਆ ਹੋਵਾਂ। ਮੇਰੇ ਦੂਸਰੇ ਸਾਥੀ ਵੀ ਚੜ੍ਹ ਗਏ। ਸਮਾਗਮ ਵਾਲੀ ਥਾਂ ਉਥੋਂ ਡੇਢ ਕਿਲੋਮੀਟਰ ਸੀ। ਮਹਾਵਤ ਨੇ ਹਾਥੀ ਤੋਰ ਲਿਆ। ਲੋਕੀਂ ਇਸ ਕਾਫਲੇ ਨੂੰ ਆਲੇ ਦੁਆਲੇ ਖੜੇ ਵੇਖ ਰਹੇ ਸਨ। ਪੱਤਰਕਾਰ ਤੇ ਹੋਰ ਸੱਜਣ ਫੋਟੋ ਉਤਾਰ ਰਹੇ ਸਨ। ਬੈਂਡ ਵਾਜੇ ਦੀ ਧੁਨ ਮਾਹੌਲ ਵਿੱਚ ਸੰਗੀਤ ਭਰ ਰਹੀ ਸੀ। ਅਸੀਂ ਬੈਠੇ ਗਦ-ਗਦ ਹੋ ਰਹੇ ਸੀ। ਇਕ ਵੱਖਰਾ ਹੀ ਨਜ਼ਾਰਾ ਸੀ। ਮੈਨੂੰ ਦਰਖਤ ਬੂਟੇ ਤੇ ਇਮਾਰਤਾਂ ਹੋਰ ਦੀਆਂ ਹੋਰ ਜਾਪਦੀਆਂ ਸਨ। ਫਾਸਲਾ ਮੁੱਕਣ ਵਿੱਚ ਨਹੀਂ ਸੀ ਆ ਰਿਹਾ। ਮਹਾਵਤ ਆਪਣੀ ਭਾਸ਼ਾ ਵਿੱਚ ਹਾਥੀ ਨੂੰ ਸੰਬੋਧਨ ਹੋ ਰਿਹਾ ਸੀ।

ਇਸ ਸਨਮਾਨ ਮੌਕੇ ਮੇਰੇ ਮਨ ਵਿੱਚ ਕਈ ਗੱਲਾਂ ਘੁੰਮਣ ਲੱਗੀਆਂ। ਮਾਂ ਬੋਲੀ ਪੰਜਾਬੀ ਦੀ ਸੇਵਾ ਬਦਲੇ, ਮੇਰੇ ਲਈ ਇਹ ਸਨਮਾਨ ਗੌਰਵਮਈ ਸੀ, ਆਪਣੇ ਲੋਕਾਂ ਵੱਲੋਂ ਆਪਣੇ ਸ਼ਹਿਰ ਵਿੱਚ। ਮੈਂ ਹਾਥੀ ਦੀਆਂ ਕਥਾਵਾਂ ਯਾਦ ਕਰਨ ਲੱਗਾ। ਕਦੇ ਜੰਗਾਂ ਯੁੱਧਾਂ ਵਿੱਚ ਹਾਥੀਆਂ ਦਾ ਖੂਬ ਇਸਤੇਮਾਲ ਕੀਤਾ ਜਾਂਦਾ ਸੀ। ਕਦੇ ਰਾਜੇ ਮਹਾਰਾਜਿਆਂ ਦੇ ਜਸ਼ਨਾਂ 'ਚ ਹਾਥੀਆਂ ਨੂੰ ਸ਼ਿੰਗਾਰਿਆ ਜਾਂਦਾ ਸੀ। ਕਦੇ ਸਰਕਸਾਂ 'ਚ ਹਾਥੀ ਦੇ ਕਰਤੱਵ ਯਾਦ ਆਉਣ ਲੱਗੇ। ਕਦੇ ਪਿੰਡਾਂ ਵਿੱਚ ਸਾਧੂ ਹਾਥੀ ਲੈ ਕੇ ਮੰਗਣ ਆਉਂਦੇ ਸਨ ਅਤੇ ਅਸੀਂ ਬਚਪਨ 'ਚ ਲਾਮ ਡੋਰੀ ਬਣਾ ਕੇ ਪਿੰਡ ਵਿੱਚ ਹਾਥੀ ਦੇ ਪਿੱਛੇ-ਪਿੱਛੇ ਘੁੰਮਦੇ ਚਾਂਗਾਂ ਮਾਰਦੇ ਹੁੰਦੇ ਸਾਂ ਤੇ ਹਾਥੀ ਨੂੰ ਹੱਥ ਲਾਉਣ ਨੂੰ ਤਾਂਘਦੇ ਹੁੰਦੇ ਸੀ। ਕਿੰਨਾ ਕੁਝ ਯਾਦ ਆਉਣ ਲੱਗਿਆ। ਹਾਥੀ ਬਾਰੇ ਪੜ੍ਹੀ ਜਾਣਕਾਰੀ ਚੇਤੇ ਆਉਣ ਲੱਗੀ। ਉਸ ਬਾਰੇ ਕਹਾਵਤ ਵੀ ਦਿਮਾਗ ਵਿੱਚ ਘੁੰਮੀ ਕਿ 'ਜਿਉਂਦਾ ਹਾਥੀ ਲੱਖ ਦਾ, ਮਰਿਆ ਦਸ ਲੱਖ ਦਾ।' ਉਂਜ ਚੰਗੇ ਜਿਉਂਦੇ ਹਾਥੀ ਦੀ ਕੀਮਤ ਦਸ ਲੱਖ ਤੱਕ ਹੋ ਸਕਦੀ ਹੈ (ਭਾਰ ਸੱਤ ਟਨ)। ਹਾਥੀ ਕਈ ਰੰਗਾਂ ਦੇ ਮਿਲਦੇ ਹਨ, ਜਿਵੇਂ ਭੂਰਾ, ਕਾਲਾ, ਚਿੱਟਾ ਆਦਿ। ਮੱਥੇ 'ਚ ਗੋਲੀ ਲੱਗਣ ਨਾਲ ਹਾਥੀ ਮਰ ਜਾਂਦਾ ਹੈ। ਹਾਥੀ ਦੀ ਸ਼ਕਤੀ ਉਸ ਦੀ ਸੁੰਡ 'ਚ ਹੁੰਦੀ ਹੈ। ਹਾਥੀ ਦੀ ਵਫਾਦਾਰੀ ਕਮਾਲ ਦੀ ਹੈ ਅਤੇ ਇਸ ਦਾ ਵੈਰ ਵੀ ਤਬਾਹਕੁੰਨ ਹੁੰਦਾ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਹਾਥੀ ਬਾਰੇ 'ਥੰਮ ਬਹਾਦਰ' ਕਹਾਣੀ ਇਸ ਦਾ ਸਬੂਤ ਆਖੀ ਜਾ ਸਕਦੀ ਹੈ। ਜੰਗਲੀ ਹਾਥੀ ਅੱਗ ਤੋਂ ਬਹੁਤ ਡਰਦਾ ਹੈ। ਕੋਈ ਸਮਾਂ ਸੀ, ਜਦ ਵਿਦਵਾਨਾਂ ਨੂੰ ਸਨਮਾਨ ਵਿੱਚ ਹਾਥੀ ਭੇਟਾ ਕੀਤਾ ਜਾਂਦਾ ਸੀ। ਮਗਧ ਦੇ ਰਾਜੇ ਨੇ ਪਾਣਿਨੀ (ਭਾਸ਼ਾ ਵਿਗਿਆਨੀ) ਨੂੰ ਹਾਥੀ ਦੇ ਕੇ ਸਨਮਾਨਿਤ ਕੀਤਾ ਸੀ। ਹਾਥੀ ਦੀ ਉਮਰ 300 ਸਾਲ ਮੰਨੀ ਗਈ ਹੈ। ਦੋ ਦੰਦਾਂ ਤੋਂ ਬਿਨਾਂ ਇਕ ਦੰਦ ਵਾਲੇ ਹਾਥੀ ਵੀ ਮਿਲਦੇ ਹਨ। ਕਹਾਵਤ ਹੈ, 'ਹਾਥੀ ਦੇ ਦੰਦ ਖਾਣ ਦੇ ਹੋਰ, ਵਿਖਾਉਣ ਦੇ ਹੋਰ।'

ਬਜ਼ੁਰਗਾਂ ਦਾ ਕਹਿਣਾ ਹੈ ਕਿ ਗਊ ਅਤੇ ਘੋੜੇ ਤੋਂ ਬਾਅਦ ਹਾਥੀ ਮਨੁੱਖ ਲਈ ਲਾਭਦਾਇਕ ਜਾਨਵਰ ਹੈ। ਇਸ ਨੂੰ ਮਾਰਨਾ ਪਾਪ ਮੰਨਿਆ ਗਿਆ ਹੈ। ਹਾਥੀ ਕਮਜ਼ੋਰ ਨਜ਼ਰ ਵਾਲਾ ਜਾਨਵਰ ਹੈ। ਉਸ ਦੀ ਉਮਰ ਉਸ ਦੇ ਕੰਨਾਂ ਅਤੇ ਨਹੁੰਦਰਾਂ ਤੋਂ ਲਾਈ ਜਾਂਦੀ ਹੈ। ਹਾਥੀ ਪ੍ਰਤੀ ਘੰਟਾ ਲਗਭਗ 35 ਕਿਲੋਮੀਟਰ ਦੌੜ ਸਕਦਾ ਹੈ। ਭੂਤਰੇ ਹਾਥੀ ਤੋਂ ਜਾਨ ਬਚਾਉਣ ਲਈ ਕਦੇ ਸਿੱਧੇ ਨਾ ਭੱਜੋ। ਹਾਥੀ ਦੀ ਸੁੰਘਣ ਸ਼ਕਤੀ ਤੇਜ਼ ਹੁੰਦੀ ਹੈ। ਹਾਥੀ ਦੇ ਅਗਲੇ ਪੈਰਾਂ ਦੀਆਂ ਉਂਗਲਾਂ ਪੰਜ-ਪੰਜ ਅਤੇ ਪਿਛਲੇ ਪੈਰਾਂ ਦੀਆਂ ਉਂਗਲਾਂ ਚਾਰ-ਚਾਰ ਹੁੰਦੀਆਂ ਹਨ। ਹਾਥੀ ਨੂੰ ਜੰਗਲ ਦਾ ਚੌਧਰੀ ਮੰਨਿਆ ਗਿਆ ਹੈ। ਮੈਂ ਹਾਥੀ ਬਾਰੇ ਅਜੇ ਕਿੰਨੀਆਂ ਹੀ ਹੋਰ ਕਥਾਵਾਂ 'ਚ ਗੁਆਚਾ ਪਿਆ ਸੀ ਕਿ ਸਨਮਾਨ ਸਮਾਗਮ ਵਾਲੀ ਥਾਂ ਆ ਗਈ। ਦਰਸ਼ਕਾਂ ਦਾ ਹਜ਼ੂਮ ਸਾਡੇ ਸਵਾਗਤ ਲਈ ਠਾਠਾਂ ਮਾਰ ਰਿਹਾ ਸੀ। ਹਾਥੀ ਤੋਂ ਥੱਲੇ ਉਤਰਨ ਦਾ ਮਸਲਾ ਮੈਨੂੰ ਹੋਰ ਔਖਾ ਲੱਗਦਾ ਸੀ, ਪਰ ਛੇਤੀ ਹੀ ਪੌੜੀ ਲਾ ਕੇ ਸਾਨੂੰ ਥੱਲੇ ਉਤਾਰਿਆ ਗਿਆ।

ਠੰਢ ਵਿੱਚ ਵੀ ਮੈਨੂੰ ਗਰਮੀ ਆ ਗਈ। ਸ਼ਾਨ ਨਾਲ ਸਾਨੂੰ ਮੰਚ 'ਤੇ ਲਿਜਾਇਆ ਗਿਆ। ਸ਼ਾਮ ਦੀਆਂ ਰੌਸ਼ਨੀਆਂ ਨਾਲ ਸਟੇਜ ਤੇ ਪੰਡਾਲ ਜਗਮਗਾ ਰਿਹਾ ਸੀ। ਬੜਾ ਅਦਭੁਤ ਨਜ਼ਾਰਾ ਸੀ। ਫੂਲਰਾਜ ਸਿੰਘ ਨੇ ਬੜੀ ਭਰਵੀਂ ਆਵਾਜ਼ ਨਾਲ ਸਨਮਾਨਿਤ ਸ਼ਖਸ਼ੀਅਤਾਂ ਬਾਰੇ ਸ਼ੋਭਾ ਪੱਤਰ ਪੜ੍ਹੇ ਤੇ ਸਮਾਗਮ ਦੇ ਮੁੱਖ ਮਹਿਮਾਨ ਨੇ ਸਨਮਾਨ ਕਰਨ ਦੀ ਰਸਮ ਨਿਭਾਈ। ਸੰਗੀਤ ਤੇ ਗਾਇਕੀ ਨਾਲ ਸਾਰੀ ਫਿਜ਼ਾ ਚਹਿਕ ਉਠੀ। ਮੈਂ ਇਸ ਅਦੁੱਤੀ ਯਾਦਗਾਰੀ ਸਨਮਾਨ ਨੂੰ ਕਦੇ ਭੁੱਲ ਨਾ ਸਕਿਆ।

## ਬਿਊਟੀ ਟਿਪਸ ਅੱਖਾਂ ਦੇ ਕਾਲੇਪਨ ਨੂੰ ਇੰਝ ਕਰੋ ਦੂਰ



ਸੁੰਦਰ ਤੇ ਤੰਦਰੁਸਤ ਅੱਖਾਂ ਚਿਹਰੇ ਦੀ ਖੂਬਸੂਰੀਤ ਨੂੰ ਵਧਾਉਂਦੀਆਂ ਹਨ, ਪਰ ਇਸ ਵਿੱਚ ਜੇ ਕਾਲੇ ਘੇਰੇ ਬਣ ਜਾਣ ਤਾਂ ਇਸ ਦੀ ਸੁੰਦਰਤਾ ਖਤਮ ਹੋ ਜਾਂਦੀ ਹੈ। ਸ਼ੁਰੂਆਤ ਵਿੱਚ ਇਸ ਦਾ ਪਤਾ ਲਗਾਉਣਾ ਮੁਸ਼ਕਲ ਹੁੰਦਾ ਹੈ। ਜਦੋਂ ਇਹ ਕਾਲੇ ਘੇਰੇ ਡੂੰਘੇ ਹੋ ਜਾਂਦੇ ਹਨ ਤਾਂ ਸਾਫ ਨਜ਼ਰ ਆਉਣ ਲੱਗਦੇ ਹਨ। ਅਸਲ ਵਿੱਚ ਇਹ ਕਾਲੇ ਘੇਰੇ ਅੱਖਾਂ ਦੇ ਹੇਠਲੀ ਚਮੜੀ ਦੇ ਪਤਲੇ ਪੈ ਜਾਣ ਕਾਰਨ ਹੁੰਦੇ ਹਨ।

ਅੱਜਕੱਲ੍ਹ ਬਾਜ਼ਾਰ ਵਿੱਚ ਡਾਰਕ ਸਰਕਲਜ਼ ਦੂਰ ਕਰਨ ਦੀਆਂ ਕਈ ਕਰੀਮਾਂ ਮਿਲਦੀਆਂ ਹਨ। ਇਸ ਦਾ ਅਸਰ ਜ਼ਿਆਦਾ ਨਹੀਂ ਹੁੰਦਾ, ਨਾਲ ਹੀ ਇਸ ਵਿੱਚ ਕੈਮੀਕਲ ਦੀ ਮਾਤਰਾ ਵੱਧ ਹੋਣ ਕਾਰਨ ਅੱਖਾਂ ਦੇ ਆਸਪਾਸ ਦੀ ਚਮੜੀ ਨੂੰ ਨੁਕਸਾਨ ਪਹੁੰਚਦਾ ਹੈ। ਅਜਿਹੇ ਵਿੱਚ ਇਹ ਘਰੇਲੂ ਉਪਾਅ ਕਾਰਗਰ ਸਾਬਤ ਹੋ ਸਕਦੇ ਹਨ।

ਟੀ-ਬੈਗਜ਼ ਕਾਲੇ ਘੇਰਿਆਂ ਨੂੰ ਦੂਰ ਕਰਨ ਵਿੱਚ ਲਾਭਦਾਇਕ ਹੁੰਦੇ ਹਨ। ਇਨ੍ਹਾਂ ਨੂੰ ਕੁਝ ਦੇਰ ਤੱਕ ਪਾਣੀ ਵਿੱਚ ਭਿਉਂ ਕੇ ਰੱਖੋ, ਫਿਰ ਫਰਿੱਜ਼ ਵਿੱਚ ਰੱਖ ਕੇ ਠੰਢਾ ਹੋਣ ਦਿਓ। ਇਸ ਤੋਂ ਬਾਅਦ ਇਨ੍ਹਾਂ ਨੂੰ ਅੱਖਾਂ ਉੱਤੇ 10 ਮਿੰਟ ਲਈ ਰੱਖੋ। ਰੋਜ਼ ਅਜਿਹਾ ਕਰਨ ਨਾਲ ਹੌਲੀ-ਹੌਲੀ ਕਾਲੇ ਘੇਰੇ ਘੱਟ ਹੋਣੇ ਸ਼ੁਰੂ ਹੋ ਜਾਣਗੇ।

ਖੀਰੇ ਦੇ ਸਲਾਈਸ ਅੱਖਾਂ 'ਤੇ ਰੋਜ਼ ਰੱਖਣ ਨਾਲ ਕਾਲੇ ਘੇਰੇ ਹਲਕੇ ਹੋ ਜਾਣਗੇ। ਆਲੂ ਵਿੱਚ ਕੁਦਰਤੀ ਬਲੀਚ ਹੁੰਦਾ ਹੈ, ਜੋ ਕਾਲੇ ਘੇਰਿਆਂ ਨੂੰ ਦੂਰ ਕਰਨ ਵਿੱਚ ਲਾਭਦਾਇਕ ਹੁੰਦਾ ਹੈ। ਇਸ ਨਾਲ ਅੱਖਾਂ ਹੇਠਲੀ ਸੋਜ਼ਿਸ਼ ਘੱਟ ਹੁੰਦੀ ਹੈ। ਆਲੂ ਦੇ ਰਸ ਨੂੰ ਰੂੰ ਵਿੱਚ ਲਾ ਲਓ ਤੇ ਅੱਖਾਂ ਉਤੇ ਰੱਖੋ। ਅਜਿਹਾ ਦਿਨ ਵਿੱਚ ਦੋ ਵਾਰ ਕਰਨ ਨਾਲ ਕੁਝ ਹਫਤਿਆਂ ਵਿੱਚ ਤੁਹਾਨੂੰ ਇਸ ਦਾ ਅਸਰ ਦਿਸਣਾ ਸ਼ੁਰੂ ਹੋ ਜਾਵੇਗਾ। ਗੁਲਾਬ ਜਲ ਵੀ ਅੱਖਾਂ ਲਈ ਫਾਇਦੇਮੰਦ ਹੁੰਦਾ ਹੈ। ਰੂੰ ਵਿੱਚ ਥੋੜ੍ਹਾ ਗੁਲਾਬ ਜਲ ਲੈ ਕੇ ਅੱਖਾਂ 'ਤੇ 10-15 ਮਿੰਟ ਰੱਖੋ।

## ਹਲਕਾ ਫੁਲਕਾ

ਕੁੜੀ ਦੇਖਣ ਗਏ ਪਰਵਾਰ ਸਾਹਮਣੇ ਕੁੜੀ ਦੇ ਗੁਣਾਂ ਦੀ ਪ੍ਰਸ਼ੰਸਾ ਕੀਤੀ ਜਾ ਰਹੀ ਸੀ। ਕੁੜੀ ਵਾਲੇ ਬੋਲੇ, ''ਸਾਡੀ ਕੁੜੀ ਦੀ ਆਵਾਜ਼ ਕੋਇਲ ਵਰਗੀ ਹੈ, ਇਸ ਦੀ ਗਰਦਨ ਹਿਰਨੀ ਵਰਗੀ ਹੈ ਅਤੇ ਸੁਭਾਅ 'ਚ ਗਊ ਵਰਗੀ ਹੈ।''

ਇਸ 'ਤੇ ਮੁੰਡਾ ਬੋਲਿਆ, 'ਜੀ, ਇਸ ਵਿੱਚ ਕੋਈ ਇਨਸਾਨੀ ਗੁਣ ਵੀ ਹੈ?''

*********

ਇੱਕ ਪੁਲਸੀਏ ਨੇ ਰਾਤ ਵੇਲੇ ਸ਼ਰਾਬੀ ਵਿਅਕਤੀ ਨੂੰ ਰੋਕਿਆ ਅਤੇ ਪੁੱਛਿਆ, ''ਕਿੱਥੇ ਜਾ ਰਿਹਾ ਏਂ?''

ਵਿਅਕਤੀ, ''ਮੈਂ ਨਸ਼ੇ ਨਾਲ ਹੋਣ ਵਾਲੇ ਨੁਕਸਾਨ 'ਤੇ ਲੈਕਚਰ ਸੁਣਨ ਜਾ ਰਿਹਾ ਹਾਂ।''

ਪੁਲਸੀਆ (ਹੈਰਾਨੀ ਨਾਲ), ''ਇੰਨੀ ਰਾਤ ਨੂੰ ਕਿਸ ਦਾ ਲੈਕਚਰ ਹੈ?''

ਵਿਅਕਤੀ, ''ਮੇਰੀ ਪਤਨੀ ਤੇ ਸੱਸ ਦਾ।''

*********

ਮੋਹਨ (ਬੌਸ ਨੂੰ), ''ਸਰ, ਮੈਂ ਆਪਣੀ ਪਤਨੀ ਦੇ ਕੰਮ ਵਿੱਚ ਹੱਥ ਵੰਡਾਉਣਾ ਹੈ। ਇਸ ਲਈ ਮੈਨੂੰ ਛੁੱਟੀ ਚਾਹੀਦੀ ਹੈ।''

ਬੌਸ, ''ਛੁੱਟੀ ਬਿਲਕੁਲ ਨਹੀਂ ਮਿਲੇਗੀ।''

ਮੋਹਣ, ''ਧੰਨਵਾਦ ਸਰ, ਮੈਨੂੰ ਪਤਾ ਸੀ ਕਿ ਮੁਸੀਬਤ ਵੇਲੇ ਤੁਸੀਂ ਹੀ ਮੇਰੀ ਮਦਦ ਕਰੋਗੇ।''

*********

ਸੋਨੂੰ-ਮੋਨੂੰ 'ਚ ਬਹਿਸ ਹੋ ਗਈ।

ਸੋਨੂੰ, ''ਮੇਰੇ ਦਾਦਾ ਜੀ ਇੰਨੇ ਭੁਲੱਕੜ ਸਨ ਕਿ ਸੋਟੀ ਬਿਸਤਰੇ 'ਤੇ ਰੱਖਦੇ ਅਤੇ ਖੁਦ ਕੋਨੇ ਵਿੱਚ ਸੌਂ ਜਾਂਦੇ।''

ਮੋਨੂੰ, ''ਓਏ, ਇਹ ਤਾਂ ਕੁਝ ਵੀ ਨਹੀਂ।''

ਸੋਨੂੰ, ''ਕਿਵੇਂ?''

ਮੋਨੂੰ, ''ਮੇਰੇ ਦਾਦਾ ਜੀ ਇੰਨੇ ਭੁਲੱਕੜ ਸਨ ਕਿ ਪਾਨ ਬਿਸਤਰੇ 'ਤੇ ਥੁੱਕਦੇ ਅਤੇ ਖੁਦ ਖਿੜਕੀ ਵਿੱਚੋਂ ਹੇਠਾਂ ਛਾਲ ਮਾਰ ਦਿੰਦੇ ਸਨ।''

*********

## ਰਸੋਈ

## ਲਖਨਵੀ ਪੁਲਾਅ



ਸਮੱਗਰੀ-ਉਬਲੇ ਹੋਏ ਬਾਸਮਤੀ ਚੌਲ 250 ਗਰਾਮ, ਘਿਓ ਇੱਕ ਵੱਡਾ ਚਮਚ, ਉਬਲੇ ਹਰੇ ਮਟਰ, ਅੱਧਾ ਕੱਪ, ਉਬਲੀ ਕਟੀ ਹੋਈ ਗਾਜਰ ਤੇ ਫਲੀਆਂ ਦੋ ਵੱਡੇ ਚਮਚ, ਕਾਜੂ, ਬਾਦਾਮ ਅਤੇ ਕਿਸ਼ਮਿਸ਼-ਇੱਕ ਚੌਥਾ ਕੱਪ, ਪਿਆਜ਼ (ਸਲਾਈਸ) 250 ਗਰਾਮ, ਕਸੂਰੀ ਮੇਥੀ ਇੱਕ ਛੋਟਾ ਚਮਚ, ਜ਼ੀਰਾ ਅੱਧਾ ਛੋਟਾ ਚਮਚ, ਦਾਲਚੀਨੀ ਪਾਊਡਰ ਛੋਟਾ ਅੱਧਾ ਚਮਚ, ਗਰਮ ਮਸਾਲਾ ਇੱਕ ਛੋਟਾ ਚਮਚ, ਪਨੀਰ (ਛੋਟੇ ਟੁਕੜਿਆਂ ਵਿੱਚ ਕਟਿਆ ਹੋਇਆ) 100 ਗਰਾਮ, ਨਮਕ ਸਵਾਦ ਅਨੁਸਾਰ।

ਬਣਾਉਣ ਦਾ ਤਰੀਕਾ- ਇਸ ਨੂੰ ਬਣਾਉਣ ਲਈ ਤੁਸੀਂ ਸਭ ਤੋਂ ਪਹਿਲਾਂ ਥੋੜ੍ਹਾ ਜਿਹਾ ਘਿਓ ਪਾ ਕੇ ਚੌਲਾਂ ਨੂੰ ਉਬਾਲ ਲਓ। ਅਲੱਗ ਅਲੱਗ ਕਰ ਲਓ। ਇਸ ਤੋਂ ਬਾਅਦ ਕੜਾਹੀ ਵਿੱਚ ਘਿਓ ਗਰਮ ਕਰ ਕੇ ਇਸ ਵਿੱਚ ਬਾਦਾਮ, ਕਾਜੂ ਅਤੇ ਕਿਸ਼ਮਿਸ਼ ਭੁੰਨ ਕੇ ਕੱਢ ਲਓ। ਬਚੇ ਹੋਏ ਤੇਲ ਵਿੱਚ ਪਿਆਜ਼ ਪਾਊ ਤੇ ਇਸ ਨੂੰ ਹਲਕਾ ਭੂਰਾ ਹੋਣ ਤੱਕ ਭੁੰਨੋ।

ਬਾਅਦ ਵਿੱਚ ਇਸ ਵਿੱਚ ਜ਼ੀਰਾ ਤੇ ਦਾਲਚੀਨੀ ਪਾਊਡਰ ਵੀ ਪਾ ਦਿਓ। ਇਸ ਸਭ ਤੋਂ ਬਾਅਦ ਤੁਸੀਂ ਸਾਰੀਆਂ ਸਬਜ਼ੀਆਂ ਤੇ ਚੌਲ ਪਾ ਕੇ ਕਰੀਬ ਇੱਕ ਮਿੰਟ ਤੱਕ ਪਕਾਓ। ਫਿਰ ਇਸ ਵਿੱਚ ਭੁੰਨੇ ਹੋਏ ਕਾਜੂ, ਕਿਸ਼ਮਿਸ ਮਿਲਾ ਕੇ ਅੱਧਾ ਮਿੰਟ ਤੱਕ ਪਕਾਓ। ਲਖਨਵੀ ਪੁਲਾਅ ਤਿਆਰ ਹੈ। ਇਸ ਨੂੰ ਦਹੀਂ ਜਾਂ ਫਿਰ ਤੇਜ਼ ਮਿਰਚ ਵਾਲੀ ਚਟਣੀ ਨਾਲ ਪਰੋਸੋ।

ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸਮਾਗਮ



ਗੁਰੂ ਪਿਆਰੀ ਸਾਧ ਸੰਗਤ ਜੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 24 ਮਈ ਦਿਨ ਸ਼ੁੱਕਰਵਾਰ ਨੂੰ ਅਖੰਡਪਾਠ ਸਾਹਿਬ ਸਵੇਰੇ 10 ਵਜ੍ਹੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 26 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਣਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।

- ਨਵਦੀਪ ਸਿੰਘ ਸੂਚ : 416-881- 8736
- ਧਰਮਿੰਦਰ ਸਿੰਘ ਸੂਸਾਂ : 416-879-6824
- ਪਰਮਜੀਤ ਸਿੰਘ ਸੂਚ : 416-873-7508
- ਸਰਬਜੀਤ ਸਿੰਘ ਸੂਚ : 416-357-7667
- ਗੁਰਮੇਲ ਸਿੰਘ ਸੂਚ : 905-814-0756






# ਫਰਜ਼ੀ ਵੀਜ਼ੇ ਨਾਲ 278 ਨੌਜਵਾਨਾਂ ਨੂੰ ਕੁਵੈਤ ਭੇਜਣ ਦਾ ਝਾਂਸਾ

## * ਦਿੱਲੀ ਏਅਰਪੋਰਟ ਤੋਂ ਵਾਪਸ ਮੋੜ ਦਿੱਤੇ ਗਏ

ਹੁਸ਼ਿਆਰਪੁਰ, 21 ਮਈ (ਪੋਸਟ ਬਿਊਰੋ)- ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਜੰਮੂ ਦੇ 250 ਤੋਂ ਵੱਧ ਨੌਜਵਾਨਾਂ ਨੂੰ ਕੁਵੈਤ ਭੇਜਣ ਦੇ ਨਾਂਅ 'ਤੇ ਲਗਭਗ ਇੱਕ ਕਰੋੜ 25 ਲੱਖ ਰੁਪਏ ਦੀ ਠੱਗੀ ਦਾ ਭੇਦ ਖੁੱਲ੍ਹਾ ਹੈ।



ਹੁਸ਼ਿਆਰਪੁਰ-ਫਗਵਾੜਾ ਰੋਡ 'ਤੇ ਰਹੀਮਪੁਰ ਚੌਕ ਨੇੜੇ ਜਗਦੰਬੇ ਟੂਰ ਐਂਡ ਟਰੈਵਲ ਦੇ ਦਫਤਰ ਅੱਗੇ ਵੱਖ-ਵੱਖ ਰਾਜਾਂ ਦੇ ਇਲਾਵਾ ਮਾਝਾ ਤੇ ਦੋਆਬਾ ਤੋਂ ਆਏ ਨੌਜਵਾਨ ਟਰੈਵਲ ਏਜੰਟ ਵੱਲੋਂ ਕੁਵੈਤ ਨਾ ਭੇਜਣ ਦੇ ਕਾਰਨ ਉਥੇ ਇਕੱਠੇ ਹੋ ਗਏ, ਜਿਸ ਕਾਰਨ ਉਥੇ ਮਾਹੌਲ ਗਰਮ ਹੋ ਗਿਆ। ਨੌਵਜਾਨ ਟਰੈਵਲ ਏਜੰਟ ਦਾ ਦਫਤਰ ਘੇਰੀ ਖੜੇ ਸਨ ਤੇ ਉਸ ਤੋਂ ਆਪਣੇ ਪਾਸਪੋਰਟ ਤੇ ਰੁਪਿਆਂ ਦੀ ਮੰਗ ਕਰ ਰਹੇ ਸਨ। ਉਨ੍ਹਾਂ ਨੇ ਦੱਸਿਆ ਕਿ ਕਰੀਬ ਛੇ ਮਹੀਨੇ ਪਹਿਲਾਂ ਅਖਬਾਰ ਵਿੱਚ ਇਸ਼ਤਿਹਾਰ ਦੇਖਿਆ ਸੀ, ਜਿਸ ਵਿੱਚ ਲਿਖਿਆ ਸੀ ਕਿ ਜਗਦੰਬੇ ਟੂਰ ਐਂਡ ਟਰੈਵਲ 45 ਹਜ਼ਾਰ ਰੁਪਏ ਲੈ ਕੇ ਉਨ੍ਹਾਂ ਨੂੰ ਕੁਵੈਤ ਭੇਜ ਦੇਣਗੇ। ਟਰੈਵਲ ਏਜੰਟ ਸੁਰਜੀਤ ਸਿੰਘ ਨੇ ਉਨ੍ਹਾਂ ਤੋਂ ਕੁਵੈਤ ਭੇਜਣ ਲਈ 45-45 ਹਜ਼ਾਰ ਰੁਪਏ ਲੈ ਲਏ। ਇਸ ਦੇ ਇਲਾਵਾ 800 ਰੁਪਏ ਫਾਈਲ ਬਣਾਉਣ ਦੇ ਲਏ। ਕੁਝ ਦਿਨਾਂ ਦੇ ਬਾਅਦ ਉਸ ਨੇ ਮੈਡੀਕਲ ਕਰਵਾਉਣ ਦੇ ਨਾਂਅ 'ਤੇ ਬੁਲਾ ਲਿਆ ਤੇ ਉਨ੍ਹਾਂ ਤੋਂ ਪ੍ਰਤੀ ਵਿਅਕਤੀ 3200 ਰੁਪਏ ਲੈ ਲਏ। ਨੌਜਵਾਨਾਂ ਨੇ 3200 ਦੀ ਰਸੀਦ ਦਿਖਾਉਂਦੇ ਹੋਏ ਕਿਹਾ ਇਸ ਦੇ ਕੁਝ ਦਿਨ ਬੀਤਣ ਦੇ ਬਾਅਦ ਉਨ੍ਹਾਂ ਨੂੰ ਕਿਹਾ ਗਿਆ ਕਿ ਤੁਹਾਡਾ ਵੀਜ਼ਾ ਲੱਗ ਗਿਆ ਹੈ ਤੇ ਤੁਹਾਡਾ ਦਿੱਲੀ ਵਿੱਚ ਮੈਡੀਕਲ ਹੋਵੇਗਾ ਜਿਸ ਦੇ ਬਾਅਦ 5500 ਹੋਰ ਲੈ ਲਏ। ਇਸ ਦੇ ਇਲਾਵਾ 1200 ਉਨ੍ਹਾਂ ਤੋਂ ਦਿੱਲੀ ਜਣ ਲਈ ਵੀ ਵਸੂਲੇ ਗਏ। ਫਿਰ ਟਰੈਵਲ ਏਜੰਟ ਉਨ੍ਹਾਂ ਨੂੰ ਦਿੱਲੀ ਏਅਰਪੋਰਟ ਲੈ ਗਿਆ ਜਿੱਥੇ ਪੁਲਸ ਨੇ ਉਨ੍ਹਾਂ ਦੇ ਵੀਜ਼ਾ ਚੈੱਕ ਕਰ ਕੇ ਦੱਸਿਆ ਕਿ ਇਹ ਨਕਲੀ ਹੈ ਅਤੇ ਉਕਤ ਏਜੰਟ ਉਥੇ 12,000 ਰੁਪਏ ਦੇ ਕੇ ਛੁਟਿਆ।

ਜਦ ਟ੍ਰੈਵਲ ਏਜੰਟ ਨੂੰ ਨੌਜਵਾਨਾਂ ਨੇ ਉਸ ਦਾ ਲਾਇਸੈਂਸ ਦਿਖਾਉਣ ਨੂੰ ਕਿਹਾ ਤਾਂ ਟ੍ਰੈਵਲ ਏਜੰਟ ਦਰਾਜ ਟਟੋਲਦਾ ਰਿਹਾ ਅਤੇ ਬਾਅਦ ਵਿੱਚ ਉਸ ਨੇ ਜੋ ਲਾਇਸੈਂਸ ਦਿਖਾਇਆ ਤਾਂ ਉਸ 'ਤੇ ਕੋਈ ਰਜਿਸਟਰੇਸ਼ਨ ਨਹੀਂ ਸੀ। ਉਸ ਨੇ ਰੁਪਏ ਮੋੜਨ ਦਾ ਲਿਖਤੀ ਬਿਆਨ ਦਿੱਤਾ। ਜਗਦੰਬੇ ਟੂਰ ਐਂਡ ਟਰੈਵਲ ਦੇ ਮਾਲਕ ਸੁਰਜੀਤ ਸਿੰਘ ਨੇ ਕਿਹਾ ਕਿ 278 ਨੌਜਵਾਨਾਂ ਤੋਂ ਕੁਵੈਤ ਭੇਜਣ ਦੇ ਲਈ 45 ਹਜ਼ਾਰ ਰੁਪਏ ਵਿੱਚ ਗੱਲ ਹੋਈ ਸੀ। ਦੋਵੇਂ ਮੈਡੀਕਲ ਦੇ ਰੁਪਏ ਵੱਖਰੇ ਲਏ। ਸਾਰੇ ਲੋਕਾਂ ਨੇ 45000 ਨਹੀਂ ਦਿੱਤੇ। ਕਿਸੇ ਨੇ 10, 15, 20, 25 ਅਤੇ 45 ਹਜ਼ਾਰ ਰੁਪਏ ਦਿੱਤੇ ਹਨ। ਉਸ ਨੇ 35 ਲੱਖ ਅੱਗੇ ਦਿੱਲੀ ਦੇ ਅਲਫਾ ਟਰੈਵਲ ਏਜੰਟ ਨੂੰ ਭੇਜੇ ਹਨ ਅਤੇ ਉਹ ਇੱਕ ਮਹੀਨੇ ਅੰਦਰ ਉਨ੍ਹਾਂ ਦੇ ਰੁਪਏ ਵਾਪਸ ਦੇਵੇਗਾ। ਉਸ ਨੇ ਦੱਸਿਆ ਕਿ ਉਸ ਨੂੰ ਤਾਂ ਸਿਰਫ 2000 ਰੁਪਏ ਪ੍ਰਤੀ ਵਿਅਕਤੀ ਦੇ ਹਿਸਾਬ ਨਾਲ ਹੀ ਕਮਿਸ਼ਨ ਮਿਲਣਾ ਸੀ।

# ਬਠਿੰਡੇ ਦੀ ਚੋਣ ਕਮਾਨ ਮਜੀਠੀਆ ਕੋਲ ਰਹੀ, ਬਾਪੂ ਬਾਦਲ ਨੇੜੇ ਨਹੀਂ ਲੱਗਾ

ਬਠਿੰਡਾ, 21 ਮਈ (ਪੋਸਟ ਬਿਊਰੋ)- ਇਸ ਵਾਰੀ ਬਠਿੰਡਾ ਪਾਰਲੀਮੈਂਟ ਹਲਕੇ ਦੀ ਚੋਣ ਵਿੱਚ ਅਕਾਲੀ ਉਮੀਦਵਾਰ ਦੀ ਚੋਣ ਮੁਹਿੰਮ ਦੀ ਕਮਾਨ ਬਾਪੂ ਪ੍ਰਕਾਸ਼ ਸਿੰਘ ਬਾਦਲ ਦੀ ਥਾਂ ਸਾਬਕਾ ਵਜ਼ੀਰ ਬਿਕਰਮ ਸਿੰਘ ਮਜੀਠੀਆ ਦੇ ਲਈ ਵੱਧ ਵਕਾਰੀ ਬਣ ਗਈ ਜਾਪਦੀ ਹੈ। ਜਦੋਂ ਹਰਸਿਮਰਤ ਕੌਰ ਬਾਦਲ ਨੇ ਪਹਿਲੀ ਤੇ ਦੂਜੀ ਵਾਰ ਚੋਣ ਲੜੀ ਸੀ ਤਾਂ ਉਦੋਂ ਸਾਰੀ ਚੋਣ ਦੀ ਕਮਾਨ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੋਲ ਹੁੰਦੀ ਸੀ, ਪਰ ਇਸ ਵਾਰੀ ਨਹੀਂ।



ਇਸ ਵਾਰੀ ਹਰਸਿਮਰਤ ਕੌਰ ਬਾਦਲ ਦੇ ਚੋਣ ਪ੍ਰਚਾਰ ਦੀ ਕਮਾਨ ਉਸ ਦੇ ਭਰਾ ਬਿਕਰਮ ਸਿੰਘ ਮਜੀਠੀਆ ਕੋਲ ਸੀ। ਉਨ੍ਹਾਂ ਨੇ ਅੰਮ੍ਰਿਤਸਰ ਹਲਕੇ ਤੋਂ ਵੱਧ ਸਮਾਂ ਬਠਿੰਡਾ ਹਲਕੇ ਨੂੰ ਦਿੱਤਾ ਅਤੇ ਕਾਰਨ ਕੋਈ ਵੀ ਹੋਵੇ, ਵੱਡੇ ਬਾਦਲ ਇਸ ਵਾਰ ਚੋਣ ਪ੍ਰਚਾਰ ਦੇ ਮੋਹਰੀ ਦ੍ਰਿਸ਼ ਤੋਂ ਲਗਾਤਾਰ ਕਿਨਾਰੇ 'ਤੇ ਨਜ਼ਰ ਆਏ, ਜਿਹੜੇ ਪਹਿਲਾਂ ਦਿਨ ਰਾਤ ਚੋਣ ਪ੍ਰਚਾਰ ਵਿੱਚ ਜੁੱਟਦੇ ਹੁੰਦੇ ਸਨ। ਇਸ ਹਲਕੇ ਵਿੱਚ ਨਵੇਂ ਚਰਚੇ ਇਹ ਛਿੜ ਗਏ ਹਨ ਕਿ ਵੱਡੇ ਬਾਦਲ ਪਹਿਲਾਂ ਵਾਂਗ ਬਠਿੰਡੇ ਦੀ ਚੋਣ ਵਿੱਚ ਪੱਬਾਂ ਭਾਰ ਕਿਉਂ ਨਹੀਂ ਹੋਏ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਵਰਿੰਗ ਉਮੀਦਵਾਰ ਵਜੋਂ ਨਾਮਜ਼ਦਗੀ ਪੱਤਰ ਦਾਖਲ ਕਰਨ ਬਠਿੰਡਾ ਆਏ ਸਨ ਤੇ ਉਸੇ ਦਿਨ ਉਹ ਸਾਬਕਾ ਮੰਤਰੀ ਚਿਰੰਜੀ ਲਾਲ ਗਰਗ ਨੂੰ ਮਿਲੇ ਸਨ, ਉਸ ਦੇ ਬਾਅਦ ਵੱਡੇ ਬਾਦਲ ਬਠਿੰਡਾ ਅਤੇ ਮਾਨਸਾ ਸ਼ਹਿਰ ਵਿੱਚ ਕਿਤੇ ਨਜ਼ਰ ਨਹੀਂ ਆਏ, ਹਾਲਾਂਕਿ ਇਨ੍ਹਾਂ ਸ਼ਹਿਰਾਂ ਵਿਚਲੇ ਹਿੰਦੂ ਭਾਈਚਾਰੇ ਵਿੱਚ ਵੱਡੇ ਬਾਦਲ ਦੀ ਗੱਲ ਸੁਣੀ ਜਾਂਦੀ ਹੈ, ਪਰ ਇਸ ਵਾਰੀ ਜਦੋਂ ਵੀ ਵਿਹਲ ਮਿਲੀ, ਏਥੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਚੋਣ ਜਲਸਿਆਂ ਨੂੰ ਹੀ ਸੰਬੋਧਨ ਕੀਤਾ ਹੈ। ਵੱਡੇ ਬਾਦਲ ਤੇ ਸੁਖਬੀਰ ਸਿੰਘ ਬਾਦਲ ਦੋਵਾਂ ਤੋਂ ਵੱਧ ਸਮਾਂ ਇਸ ਹਲਕੇ ਵਿੱਚ ਬਿਕਰਮ ਸਿੰਘ ਮਜੀਠੀਆ ਨੇ ਦਿੱਤਾ ਹੈ, ਜਦ ਕਿ ਵੱਡੇ ਬਾਦਲ ਨੇ ਹਲਕਾ ਲੰਬੀ ਦੇ ਪਿੰਡਾਂ ਵਿੱਚ ਅਗੇਤੀ ਮੁਹਿੰਮ ਵਿੱਢ ਰੱਖੀ ਸੀ। ਉਨ੍ਹਾਂ ਨੇ ਪਿੰਡਾਂ ਵਿੱਚ ਵੀ ਆਖਰੀ ਪੜਾਅ 'ਤੇ ਕੁਝ ਦਿਨ ਚੋਣ ਜਲਸੇ ਹੀ ਕੀਤੇ ਤੇ ਹੋਰ ਕੋਈ ਸਰਗਰਮੀ ਨਹੀਂ ਵਿਖਾਈ। ਲੋਕਾਂ ਵਿੱਚ ਚਰਚਾ ਇਹ ਹੈ ਕਿ ਵੱਡੇ ਬਾਦਲ ਅਤੇ ਮਜੀਠੀਆ ਕਿਤੇ ਵੀ ਸਿਆਸੀ ਸਟੇਜ ਉੱਤੇ ਇਕੱਠੇ ਨਜ਼ਰ ਨਹੀਂ ਆਏ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰੈਲੀ ਵਿੱਚ ਵੀ ਬਿਕਰਮ ਸਿੰਘ ਮਜੀਠੀਆ ਕਿਤੇ ਅੱਗੇ ਨਹੀਂ ਦਿਖਾਈ ਦਿੱਤੇ, ਕਿਉਂਕਿ ਓਥੇ ਵੱਡੇ ਬਾਦਲ ਆਏ ਹੋਏ ਸਨ।

ਉਂਜ ਅਕਾਲੀ ਉਮੀਦਵਾਰ ਹਰਸਿਮ-ਰਤ ਕੌਰ ਬਾਦਲ ਨੇ ਆਪਣੇ ਚੋਣ ਪ੍ਰਚਾਰ ਦੀ ਕੋਈ ਕਸਰ ਨਹੀਂ ਛੱਡੀ। ਉਸ ਨੇ ਵੋਟਰਾਂ ਨਾਲ ਸੰਪਰਕ ਬਣਾਉਣ ਦੀ ਵੱਧ ਕੋਸ਼ਿਸ਼ ਕੀਤੀ, ਪਰ ਇਹ ਗੱਲ ਸਮਝ ਤੋਂ ਬਾਹਰ ਹੈ ਕਿ ਦਿਨ ਰਾਤ ਪ੍ਰਚਾਰ ਕਰਨ ਦੇ ਬਾਅਦ ਵੋਟਾਂ ਵਾਲੇ ਦਿਨ ਹਰਸਿਮਰਤ ਕੌਰ ਬਾਦਲ ਪੂਰਾ ਦਿਨ ਕਿਸੇ ਵੀ ਪੋਲਿੰਗ ਬੂਥ ਉਤੇ ਗੇੜਾ ਮਾਰਨ ਨਹੀਂ ਆਏ। ਤਲਵੰਡੀ ਸਾਬੋ ਤੇ ਬੁਢਲਾਡਾ ਵਿੱਚ ਹਿੰਸਕ ਘਟਨਾਵਾਂ ਵਾਪਰੀਆਂ, ਉਹ ਉਥੇ ਵੀ ਨਹੀਂ ਪੁੱਜੇ। ਵੋਟਾਂ ਤੋਂ ਇਕ ਦਿਨ ਪਹਿਲਾਂ ਉਹ ਗੁਰੂਸਰ ਸੈਣੇਵਾਲਾ ਦੇ ਜ਼ਖਮੀ ਹੋਏ ਅਕਾਲੀ ਵਰਕਰ ਦਾ ਹਾਲ ਪੁੱਛਣ ਬਠਿੰਡਾ ਹਸਪਤਾਲ ਪੁੱਜੇ ਸਨ। ਵੋਟਾਂ ਵਾਲਾ ਦਿਨ ਹਰਸਿਮਰਤ ਕੌਰ ਬਾਦਲ ਨੇ ਘਰ ਵਿੱਚ ਬਿਤਾਇਆ ਜਦੋਂ ਕਿ ਬਾਕੀ ਉਮੀਦਵਾਰਾਂ ਨੇ ਪੋਲਿੰਗ ਬੂਥਾਂ 'ਤੇ ਗੇੜਾ ਰੱਖਿਆ। ਸੁਖਬੀਰ ਸਿੰਘ ਬਾਦਲ ਵੀ ਪੋਲਿੰਗ ਵਾਲੇ ਦਿਨ ਪਿੰਡ ਬਾਦਲ ਵਿੱਚ ਹੀ ਰਹੇ। ਬਾਦਲ ਪਰਵਾਰ ਨੇ ਪਿੰਡ ਬਾਦਲ ਵਿੱਚ ਵੋਟਾਂ ਪਾਈਆਂ ਤੇ ਉਸ ਮਗਰੋਂ ਉਨ੍ਹਾਂ ਨੇ ਕਿਸੇ ਵੀ ਬੂਥ 'ਤੇ ਜਾਇਜ਼ਾ ਨਹੀਂ ਲਿਆ।

# ਮਿੱਥੇ ਮੁੱਲ ਤੋਂ ਘੱਟ ਉਤੇ ਸੂਰਜਮੁਖੀ ਦੀ ਖਰੀਦ, ਹਰਿਆਣਾ ਅਤੇ ਕੇਂਦਰ ਨੂੰ ਕੋਰਟ ਦਾ ਨੋਟਿਸ

ਚੰਡੀਗੜ੍ਹ, 21 ਮਈ (ਪੋਸਟ ਬਿਊਰੋ)- ਕਿਸਾਨਾਂ ਨੂੰ ਰਾਹਤ ਦੇਣ ਲਈ ਫਸਲਾਂ ਦਾ ਘੱਟ ਤੋਂ ਘੱਟ ਸਮਰਥਨ ਮੁੱਲ ਤੈਅ ਕੀਤਾ ਗਿਆ, ਪਰ ਇਹ ਕਾਗਜ਼ਾਂ ਵਿੱਚ ਰਹਿ ਗਿਆ। ਸੂਰਜਮੁਖੀ ਦੀ ਖਰੀਦ ਘੱਟ ਤੋਂ ਘੱਟ ਸਮਰਥਨ ਮੁੱਲ ਤੋਂ ਘੱਟ ਹੋਣ ਬਾਰੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਜਨਹਿੱਤ ਪਟੀਸ਼ਨ 'ਤੇ ਹਾਈ ਕੋਰਟ ਨੇ ਹਰਿਆਣਾ ਤੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਦਾਖਲ ਕਰਨ ਦੇ ਹੁਕਮ ਦਿੱਤੇ ਹਨ।

ਇਸ ਪਟੀਸ਼ਨ ਵਿੱਚ ਦੱਸਿਆ ਗਿਆ ਹੈ ਕਿ ਪਿਛਲੇ ਤਿੰਨ ਸਾਲ ਤੋਂ ਹਰਿਆਣਾ ਵਿੱਚ ਸੂਰਜਮੁਖੀ ਉਸ ਦੇ ਘੱਟ ਤੋਂ ਘੱਟ ਸਮਰਥਨ ਮੁੱਲ 'ਤੇ ਨਹੀਂ ਖਰੀਦੀ ਜਾ ਰਹੀ। ਇਥੋਂ ਤੱਕ ਕਿ ਖਰੀਦ ਐਮ ਐਸ ਪੀ (ਘੱਟੋ ਘੱਟ ਖਰੀਦ ਕੀਮਤ) ਤੋਂ ਬੇਹੱਦ ਘੱਟ ਉਤੇ ਹੋ ਰਹੀ ਹੈ। ਪਟੀਸ਼ਨਰ ਨੇ ਕਿਹਾ ਕਿ ਕਿਸਾਨ ਲਾਭ ਪ੍ਰਾਪਤ ਕਰਨ ਲਈ ਫਸਲ ਬੀਜਦਾ ਹੈ ਅਤੇ ਇਸ ਦੀ ਸਿੰਜਾਈ ਕਰਕੇ ਅਨਾਜ ਪੈਦਾ ਕਰਦਾ ਹੈ। ਜਦ ਉਸ ਨੂੰ ਵੇਚਣ ਜਾਂਦਾ ਹੈ ਤਾਂ ਅਕਸਰ ਲਾਗਤ ਤੋਂ ਘੱਟ ਮੁੱਲ ਉਸ ਨੂੰ ਮਿਲਦਾ ਹੈ, ਜੋ ਕਿਸਾਨ ਨਾਲ ਅਨਿਆਂ ਹੈ। ਕੋਰਟ ਨੂੰ ਦੱਸਿਆ ਗਿਆ ਕਿ 2015-17 ਵਿੱਤ ਐਮ ਐਸ ਪੀ 3950 ਸੀ, ਜਦ ਕਿ ਸਰਕਾਰ ਵੱਲੋਂ ਜੋ ਖਰੀਦ ਕੀਤੀ ਗਈ, ਉਹ 3800 ਰੁਪਏ ਦੇ ਅਨੁਸਾਰ ਖਰੀਦੀ ਗਈ। ਇਸ ਸਾਲ ਸੂਰਜਮੁਖੀ ਦਾ ਐਮ ਐਸ ਪੀ 5388 ਹੈ, ਪਰ ਫਸਲ 4100 ਵਿੱਚ ਖਰੀਦੀ ਜਾ ਰਹੀ ਹੈ। ਹਾਈ ਕੋਰਟ ਨੇ ਇਸ ਮਾਮਲੇ ਵਿੱਚ ਸਖਤ ਰੁਖ਼ ਅਪਣਾਉਂਦੇ ਹੋਏ ਹਰਿਆਣਾ ਸਰਕਾਰ ਤੋਂ ਪਿਛਲੇ ਤਿੰਨ ਸਾਲ ਵਿੱਚ ਸੂਰਜਮੁਖੀ ਦੀ ਖਰੀਦ ਅਤੇ ਉਸ ਦੀ ਐਮ ਐਸ ਪੀ ਦਾ ਪੂਰਾ ਬਿਊਰਾ 20 ਮਈ ਨੂੰ ਪੇਸ਼ ਕਰਨ ਦੇ ਹੁਕਮ ਦਿੱਤੇ ਸਨ। ਕੱਲ੍ਹ ਮਾਮਲੇ 'ਤੇ ਸੁਣਵਾਈ ਦੇ ਦੌਰਾਨ ਹਰਿਆਣਾ ਸਰਕਾਰ ਦੇ ਵਕੀਲ ਸ਼ਰਦ ਅਗਰਵਾਲ ਨੇ ਹਾਈ ਕੋਰਟ ਨੂੰ ਦੱਸਿਆ ਕਿ ਹਰ ਸਾਲ ਫਸਲ ਦੀ ਖਰੀਦ ਦਾ ਐਮ ਐਸ ਪੀ ਕੇਂਦਰ ਸਰਕਾਰ ਤੈਅ ਕਰਦੀ ਹੈ। ਇਸ ਦੇ ਆਉਣ ਤੋਂ ਪਹਿਲਾਂ ਜੋ ਖਰੀਦ ਹੈ, ਉਹ ਪਿਛਲੀ ਐਮ ਐਸ ਪੀ ਦੇ ਅਨੁਸਾਰ ਹੁੰਦੀ ਹੈ। ਅਜਿਹੇ ਵਿੱਚ ਪਟੀਸ਼ਨ ਆਧਾਰਹੀਣ ਹੈ ਅਤੇ ਇਸ ਨੂੰ ਰੱਦ ਕੀਤਾ ਜਾਵੇ।

# ਸੰਬੰਧਾਂ ਦੇ ਸ਼ੱਕ ਵਿੱਚ 50 ਸਾਲਾ ਪਤਨੀ ਦਾ ਕਤਲ, ਇੰਸਪੈਕਟਰ ਬੇਟੇ ਨੇ ਦਰਜ ਕਰਾਇਆ ਕੇਸ

ਪਟਿਆਲਾ, 21 ਮਈ (ਪੋਸਟ ਬਿਊਰੋ)- ਸਿਵਲ ਲਾਈਨ ਪੁਲਸ ਥਾਣੇ ਹੇਠਲੇ ਆਦਰਸ਼ ਨਗਰ ਦੇ ਰਹਿਣ ਵਾਲੇ ਸੁਰੇਸ਼ ਕੁਮਾਰ (52) ਨੇ ਕੱਲ੍ਹ ਸਵੇਰੇ ਆਪਣੀ ਪਤਨੀ ਵੀਨਾ (50) ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ। ਇਸ ਪਿੱਛੋਂ ਸੁਰੇਸ਼ ਕੁਮਾਰ ਨੇ ਆਤਮਹੱਤਿਆ ਦੀ ਕੋਸ਼ਿਸ਼ ਵਿੱਚ ਆਪਣੇ ਹੱਥਾਂ ਦੀਆਂ ਦੋਵੇਂ ਕੱਟ ਦਿੱਤੀਆਂ, ਪ੍ਰੰਤੂ ਗੁਆਂਢੀਆਂ ਨੇ ਕਿਸੇ ਤਰ੍ਹਾਂ ਉਸ ਨੂੰ ਆਤਮਹੱਤਿਆ ਕਰਨ ਤੋਂ ਰੋਕ ਲਿਆ ਅਤੇ ਇਲਾਜ ਦੇ ਲਈ ਹਸਪਤਾਲ ਭਰਤੀ ਕਰਾਇਆ।

ਇਸ ਕੇਸ ਦੀ ਜਾਂਚ ਕਰ ਰਹੇ ਐਸ ਆਈ ਜਸਪਾਲ ਸਿੰਘ ਨੇ ਦੱਸਿਆ ਕਿ ਸਵੇਰੇ ਕਰੀਬ ਅੱਠ ਵਜੇ ਸੁਰੇਸ਼ ਕੁਮਾਰ ਤੇ ਉਸਦੀ ਪਤਨੀ ਵੀਨਾ ਵਿੱਚ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ। ਆਸਪਾਸ ਦੇ ਲੋਕਾਂ ਨੇ ਪੁਲਸ ਨੂੰ ਦੱਸਿਆ ਕਿ ਸੁਰੇਸ਼ ਆਪਣੀ ਪਤਨੀ 'ਤੇ ਕਿਸੇ ਨਾਲ ਸੰਬੰਧ ਹੋਣ ਦਾ ਦੋਸ਼ ਲਾ ਕੇ ਅਕਸਰ ਝਗੜਾ ਕਰਦਾ ਰਹਿੰਦਾ ਸੀ। ਕੱਲ੍ਹ ਸਵੇਰੇ ਇੱਕ ਵਾਰ ਫਿਰ ਇਸੇ ਗੱਲ ਤੋਂ ਦੋਵਾਂ ਦਾ ਝਗੜਾ ਹੋਇਆ। ਝਗੜੇ ਦਾ ਰੌਲਾ ਸੁਣ ਕੇ ਗੁਆਂਢੀਆਂ ਨੇ ਇਸ ਦੀ ਜਾਣਕਾਰੀ ਫੋਨ 'ਤੁ ਵੀਨਾ ਦੇ ਪੁੱਤਰ ਨੂੰ ਦਿੱਤੀ। ਪੰਜਾਬ ਪੁਲਸ ਵਿੱਚ ਕਾਂਸਟੇਬਲ ਪੁੱਤਰ ਰਾਜਪੁਰਾ ਦੇ ਡੀ ਐਸ ਪੀ ਦਾ ਗੰਨਮੈਨ ਹੈ। ਸੂਚਨਾ ਮਿਲਦੇ ਸਾਰ ਛੁੱਟੀ ਲੈ ਕੇ ਤੁਰੰਤ ਘਰ ਪਹੁੰਚਿਆ, ਪਰ ਤਦ ਤੱਕ ਉਸ ਦਾ ਪਿਤਾ ਗੁੱਸੇ ਵਿੱਚ ਵੀਨਾ ਦੀ ਚਾਕੂ ਮਾਰ ਕੇ ਹੱਤਿਆ ਕਰ ਚੁੱਕਾ ਸੀ। ਘਟਨਾ ਦੇ ਸਮੇਂ ਮ੍ਰਿਤਕ ਵੀਨਾ ਦੀ ਧੀ ਜੋਤੀ (24) ਵੀ ਘਰ ਨਹੀਂ ਸੀ, ਕਿਉਂਕਿ ਉਹ ਉਸ ਸਮੇਂ ਆਈਲੈਟਸ ਦੀ ਕਲਾਸ ਲਗਾਉਣ ਗਈ ਹੋਈ ਸੀ। ਜਾਂਚ ਅਧਿਕਾਰੀ ਦਾ ਕਹਿਣਾ ਹੈ ਕਿ ਫਿਲਹਾਲ ਉਨ੍ਹਾਂ ਨੇ ਮ੍ਰਿਤਕਾ ਦੇ ਪੁੱਤਰ ਦੀ ਸ਼ਿਕਾਇਤ 'ਤੇ ਪੁਲਸ ਨੇ ਉਸ ਦੇ ਪਿਤਾ ਸੁਰੇਸ਼ ਕੁਮਾਰ ਦੇ ਖਿਲਾਫ ਹੱਤਿਆ ਦਾ ਕੇਸ ਦਰਜ ਕਰ ਲਿਆ ਹੈ।

# ਰਾਏਕੋਟ ਤੋਂ 400 ਸਾਲ ਪੁਰਾਣਾ ਇਤਿਹਾਸਕ ਟੱਲ ਚੋਰੀ

ਜਗਰਾਓਂ, 21 ਮਈ (ਪੋਸਟ ਬਿਊਰੋ)- ਇਸ ਸ਼ਹਿਰ ਦੀ ਸੰਘਣੀ ਆਬਾਦੀ ਵਾਲੇ ਕਮੇਟੀ ਗੇਟ ਉੱਤੇ ਲੱਗਾ 400 ਸਾਲ ਪੁਰਾਣਾ ਇਤਿਹਾਸਕ ਟੱਲ ਚੋਰੀ ਹੋ ਚੁੱਕਾ ਹੈ, ਪਰ ਇਸ ਦੀ ਨਗਰ ਕੌਂਸਲ ਨੂੰ ਜਾਣਕਾਰੀ ਨਹੀਂ ਹੈ।



ਪਤਾ ਲੱਗਾ ਹੈ ਕਿ 1650 ਈਸਵੀ 'ਚ ਰਾਏਕੋਟ ਦੇ ਹਾਕਮ ਰਾਏ ਕੱਲ੍ਹਾ, ਜੋ ਪੀਰ ਲੱਪੇ ਸ਼ਾਹ ਦੇ ਮੁਰੀਦ ਸਨ, ਵੱਲੋਂ ਰਾਏ ਕੱਲ੍ਹਾ ਨੂੰ ਜਗਰਾਓਂ ਸ਼ਹਿਰ ਦੀ ਚਾਰਦੀਵਾਰੀ ਕਰਾਉਣ ਨੂੰ ਕਿਹਾ ਗਿਆ ਸੀ। ਪੀਰ ਦਾ ਫਰਮਾਨ ਮੰਨ ਕੇ ਰਾਏ ਕੱਲ੍ਹਾ ਨੇ ਜਗਰਾਓਂ ਸ਼ਹਿਰ ਦੀ ਚਾਰਦੀਵਾਰੀ ਕਰਵਾ ਕੇ ਚਾਰ ਗੇਟ, ਮੁੱਖ ਗੇਟ (ਕਮੇਟੀ ਗੇਟ), ਭੰਗੜ ਗੇਟ, ਭੱਦਰਕਾਲੀ ਮੰਦਰ ਨੇੜਲਾ ਗੇਟ ਅਤੇ ਫਿਲੀ ਗੇਟ ਦੀ ਉਸਾਰੀ ਕਰਵਾਈ ਸੀ। ਇਨ੍ਹਾਂ ਵਿੱਚੋਂ ਕਮੇਟੀ ਗੇਟ, ਜਿਸ ਨੂੰ ਸ਼ਹਿਰ ਦਾ ਮੁੱਖ ਗੇਟ ਵੀ ਕਿਹਾ ਜਾਂਦਾ ਸੀ, ਉੱਤੇ ਵਿਸ਼ੇਸ਼ ਧਾਤੂਆਂ ਨਾਲ ਬਣਿਆ ਟੱਲ ਲਾਇਆ ਗਿਆ। ਇਹ ਟੱਲ ਸਮਾਂ ਦੱਸਣ ਲਈ ਵਰਤਿਆ ਜਾਂਦਾ ਸੀ ਅਤੇ ਸ਼ਹਿਰ ਵਿੱਚ ਦੁਸ਼ਮਣ ਦੀ ਆਮਦ ਤੋਂ ਚੌਕਸ ਕਰਨ ਲਈ ਵੀ ਇਸ ਨੂੰ ਖੜਕਾਇਆ ਜਾਂਦਾ ਸੀ। ਵਿਸ਼ੇਸ਼ ਧਾਤੂ ਨਾਲ ਬਣੇ ਹੋਣ ਕਾਰਨ ਇਸ ਟੱਲ ਦੀ ਆਵਾਜ਼ ਪੂਰੇ ਸ਼ਹਿਰ 'ਚ ਗੂੰਜਦੀ ਸੀ। ਐਸ ਐਸ ਪੀ ਵਰਿੰਦਰ ਸਿੰਘ ਬਰਾੜ ਨੇ ਇਸ ਇਤਿਹਾਸਕ ਟੱਲ ਦੇ ਗਾਇਬ ਹੋਣ 'ਤੇ ਚਿੰਤਾ ਪ੍ਰਗਟ ਕੀਤੀ ਤੇ ਕਿਹਾ ਕਿ ਇਸ ਦੇ ਗਾਇਬ ਹੋਣ ਦੀ ਪੁਲਸ ਕੋਲ ਕੋਈ ਸ਼ਿਕਾਇਤ ਨਹੀਂ ਪਹੁੰਚੀ। ਇਸ ਦੇ ਬਾਵਜੂਦ ਉਹ ਆਪਣੇ ਪੱਧਰ 'ਤੇ ਇਸ ਮਾਮਲੇ ਦੀ ਜਾਂਚ ਕਰਵਾਉਣਗੇ।

# ਰਾਜਸਥਾਨ ਤੋਂ ਚੰਡੀਗੜ੍ਹ ਜਾਂਦੀ ਬਸ ਨੂੰ ਲੱਗੀ ਅੱਗ ਤੋਂ ਸਵਾਰੀਆਂ ਮਸਾਂ ਬਚੀਆਂ

ਤਪਾ ਮੰਡੀ, 21 ਮਈ (ਪੋਸਟ ਬਿਊਰੋ)- ਕੱਲ੍ਹ ਸਵੇਰੇ 2.30 ਵਜੇ ਦੇ ਕਰੀਬ ਬਰਨਾਲਾ-ਬਠਿੰਡਾ ਮੁੱਖ ਮਾਰਗ 'ਤੇ ਪਿੰਡ ਘੁੰਨਸ ਨੇੜੇ ਘੜਸਾਨਾ (ਰਾਜਸਥਾਨ) ਤੋਂ ਚੰਡੀਗੜ੍ਹ ਜਾ ਰਹੀ ਰਾਜਸਥਾਨ ਦੀ ਪ੍ਰਾਈਵੇਟ ਏ ਸੀ ਬਸ ਨੂੰ ਸਪਾਰਕਿੰਗ ਕਾਰਨ ਅੱਗ ਲੱਗ ਗਈ। ਇਸ ਮੌਕੇ ਚਾਰ ਦਰਜਨ ਦੇ ਕਰੀਬ ਸਵਾਰੀਆਂ ਵਾਲ ਵਾਲ ਬਚ ਗਈਆਂ।

ਇਸ ਬਸ 'ਚ ਸਫਰ ਕਰ ਰਹੇ ਇੰਦਰਜੀਤ ਸਿੰਘ ਨਾਂਅ ਦੇ ਨੌਜਵਾਨ ਨੇ ਦੱਸਿਆ ਕਿ ਉਹ ਪਿਛਲੀ ਸੀਟ 'ਤੇ ਬੈਠਾ ਸੀ ਅਤੇ ਬਸ ਘੜਸਾਨਾ (ਰਾਜਸਥਾਨ) ਤੋਂ ਚੰਡੀਗੜ੍ਹ ਵਾਇਆ ਲੁਧਿਆਣਾ ਜਾ ਰਹੀ ਸੀ। ਜਦ ਬਸ ਪਿੰਡ ਘੁੰਨਸ ਨਜ਼ਦੀਕ ਪੁੱਜੀ ਤਾਂ ਸਪਾਰਕਿੰਗ ਕੀਤੀ ਤਾਰ ਤੋਂ ਬਦਬੂ ਆਉਣ ਲੱਗੀ ਤਾਂ ਉਸ ਨੇ ਤੁਰੰਤ ਬਸ ਦੇ ਡਰਾਈਵਰ ਨੂੰ ਦੱਸਿਆ, ਜਿਸ ਨੇ ਤੁਰੰਤ ਬਸ ਦੇ ਦਰਵਾਜ਼ੇ ਖੋਲ੍ਹ ਕੇ ਸਵਾਰੀਆਂ ਨੂੰ ਹੇਠਾਂ ਉਤਰਨ ਲਈ ਕਿਹਾ। ਇਸ ਦੌਰਾਨ ਸਵਾਰੀਆਂ ਵਿੱਚ ਭਾਜੜ ਮਚ ਗਈ। ਬਸ 'ਚ ਲੱਗੀ ਅੱਗ ਨੇ ਮਿੰਟਾਂ ਵਿੱਚ ਭਿਆਨਕ ਰੂਪ ਧਾਰ ਲਿਆ ਅਤੇ ਸਵਾਰੀਆਂ ਦੇ ਮੋਬਾਈਲ, ਲੈਪਟਾਪ ਤੇ ਹੋਰ ਕਈ ਚੀਜ਼ਾਂ ਸੜ ਕੇ ਸੁਆਹ ਹੋ ਗਈਆਂ। ਘਟਨਾ ਦਾ ਪਤਾ ਲੱਗਦੇ ਹੀ ਥਾਣਾ ਮੁਖੀ ਤਪਾ ਇੰਸਪੈਕਟਰ ਜਾਨਪਾਲ ਸਿੰਘ ਹੰਝਰਾਂ, ਥਾਣਾ ਮੁਖੀ ਰੂੜੇਕੇ ਗਮਦੂਰ ਸਿੰਘ ਰੰਧਾਵਾ, ਮਿੰਨੀ ਸਹਾਰਾ ਕਲੱਬ ਦੀਆਂ ਐਂਬੂਲੈਂਸਾਂ ਤੋਂ ਇਲਾਵਾ ਪਿੰਡ ਘੁੰਨਸ ਤੋਂ ਸਮਾਜਸੇਵੀ ਕਲੱਬ ਦੀ ਬਣਾਈ ਹੋਈ ਫਾਇਰ ਬ੍ਰਿਗੇਡ ਸਮੇਤ ਮੌਕੇ 'ਤੇ ਪੁੱਜੇ ਅਤੇ ਰਾਹਤ ਕਾਰਜਾਂ ਵਿੱਚ ਜੁਟੇ। ਘਟਨਾ ਦਾ ਪਤਾ ਲੱਗਦੇ ਹੀ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਵੀ ਪਹੁੰਚ ਗਈਆਂ, ਪਰ ਅੱਗ 'ਤੇ ਪਹਿਲਾਂ ਕਾਬੂ ਪਾ ਲਿਆ ਗਿਆ ਸੀ। ਫਿਲਹਾਲ ਸਵਾਰੀਆਂ ਅਨੁਸਾਰ ਬਸ ਦੇ ਕੰਡਕ-ਟਰ ਅਤੇ ਡਰਾਈਵਰ ਮੌਕੇ ਤੋਂ ਫਰਾਰ ਦੱਸੇ ਜਾ ਰਹੇ ਹਨ।

# ਕਾਰ ਰੁੱਖ ਨਾਲ ਵੱਜੀ, ਬਰਥਡੇ ਬੁਆਏ ਅਤੇ ਭੈਣ ਦੀ ਮੌਤ

ਪਟਿਆਲਾ, 21 ਮਈ (ਪੋਸਟ ਬਿਊਰੋ)- ਬਰਥਡੇ ਪਾਰਟੀ ਕਰ ਕੇ ਚਚੇਰੇ ਭਰਾ-ਭੈਣ ਨਾਲ ਕਾਰ ਵਿੱਚ ਘਰ ਆ ਰਹੇ ਇੱਕ ਪਰਵਾਰ ਦੀ ਕਾਰ ਅੱਗੇ ਚੀਕਾ ਰੋਡ 'ਤੇ ਪਿੰਡ ਬਲਬੇੜਾ ਦੇ ਨੇੜੇ ਕੱਲ੍ਹ ਤੜਕੇ ਆਵਾਰਾ ਪਸ਼ੂ ਆ ਗਿਆ, ਜਿਸ ਕਾਰਨ ਕਾਰ ਬੇਕਾਬੂ ਹੋ ਕੇ ਰੁੱਖ ਨਾਲ ਟਕਰਾ ਗਈ। ਇਸ ਨਾਲ ਜ਼ਖਮੀ ਛੇ ਜਣਿਆਂ ਨੂੰ ਲੋਕਾਂ ਨੇ ਹਸਪਤਾਲ ਪਹੁੰਚਾਇਆ, ਜਿੱਥੇ ਬਰਥਡੇ ਬੁਆਏ ਅਤੇ ਉਸ ਦੀ ਚਚੇਰੀ ਭੈਣ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਜਯੰਤ ਆਹੂਜਾ (24) ਪੁੱਤਰ ਤਿਲਕ ਰਾਜ ਆਹੂਜਾ ਅਤੇ ਮੀਨਲ ਆਹੂਜਾ (20) ਪੁੱਤਰੀ ਅਸ਼ੋਕ ਕੁਮਾਰ ਵਾਸੀ ਕੈਥਲ ਦੇ ਰੂਪ ਵਿੱਚ ਹੋਈ ਹੈ।




ਜਯੰਤ ਆਹੂਜਾ ਦੀ ਭੈਣ ਦੀਕਸ਼ਾ ਆਹੂਜਾ ਨੇ ਦੱਸਿਆ ਕਿ ਜਯੰਤ ਇੱਕ ਸਕੂਲ ਵਿੱਚ ਟੀਚਰ ਸੀ ਅਤੇ ਮੀਨਾਲ ਆਹੂਜਾ ਚੰਡੀਗੜ੍ਹ ਦੇ ਕਾਲਜ ਵਿੱਚ ਪੜ੍ਹਾਈ ਕਰਦੀ ਸੀ। ਜਯੰਤ ਆਹੂਜਾ ਦਾ ਕੱਲ੍ਹ ਜਨਮ ਦਿਨ ਸੀ, ਜਿਸ ਨੂੰ ਮਨਾਉਣ ਦੇ ਲਈ ਉਹ ਛੇ ਜਣਏ ਇੱਕ ਆਈ ਟਵੰਟੀ ਕਾਰ ਵਿੱਚ ਪਟਿਆਲਾ ਆਏ ਅਤੇ ਜਯੰਤ ਦਾ ਬਰਥਡੇ ਮਨਾਉਣ ਦੇ ਬਾਅਦ ਘਰ ਮੁੜ ਰਹੇ ਸਨ। ਕੱਲ੍ਹ ਤੜਕੇ ਕਰੀਬ ਚਾਰ ਵਜੇ ਚੀਕਾ ਰੋਡ 'ਤੇ ਸਥਿਤ ਪਿੰਡ ਬਲਬੇੜਾ ਦੇ ਨਜ਼ਦੀਕ ਆਵਾਰਾ ਪਸ਼ੂ ਕਾਰ ਦੇ ਅੱਗੇ ਆ ਗਿਆ, ਜਿਸ ਨੂੰ ਬਚਾਉਂਦੇ ਕਾਰ ਬੇਕਾਬੂ ਹੋ ਗਈ ਅਤੇ ਰੁੱਖ ਨਾਲ ਟਕਰਾ ਗਈ।

# ਮਾਂ ਕੱਪੜੇ ਸੁਕਾਉਣ ਸੜਕ ਪਾਰ ਗਈ, ਪਿੱਛੋਂ ਤਿੰਨ ਸਾਲਾ ਬੱਚੀ ਨੂੰ ਬਸ ਨੇ ਕੁਚਲਿਆ

ਬਠਿੰਡਾ, 21 ਮਈ (ਪੋਸਟ ਬਿਊਰੋ)- ਬਹਿਮਨ ਦੀਵਾਨਾ ਵਿੱਚ ਇੱਕ ਤਿੰਨ ਸਾਲ ਦੀ ਬੱਚੀ ਨੂੰ ਪੀ ਆਰ ਟੀ ਸੀ ਬਸ ਨੇ ਕੁਚਲ ਦਿੱਤਾ। ਘਟਨਾ ਵਿੱਚ ਬੱਚੀ ਦੀ ਮੌਕੇ 'ਤੇ ਮੌਤ ਹੋ ਗਈ। ਦੁਰਘਟਨਾ ਪਿੱਛੋਂ ਬਸ ਚਾਲਕ ਫਰਾਰ ਹੋ ਗਿਆ, ਜਦ ਕਿ ਪੁਲਸ ਨੇ ਬਸ ਨੂੰ ਕਬਜ਼ੇ ਵਿੱਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਬੱਚੀ ਦੀ ਪਛਾਣ ਖੁਸ਼ਪ੍ਰੀਤ ਕੌਰ ਉਮਰ ਤਿੰਨ ਸਾਲ ਵਾਸੀ ਚੁੱਘੇ ਖੁਰਦ ਦੇ ਤੌਰ 'ਤੇ ਹੋਈ ਹੈ। ਸਹਾਰਾ ਜਨਸੇਵਾ ਸੰਸਥਾ ਦੇ ਵਰਕਰ ਸੰਦੀਪ ਗਿੱਲ ਨੇ ਦੱਸਿਆ ਕਿ ਬੱਚੀ ਖੁਸ਼ਪ੍ਰੀਤ ਕੌਰ ਦੀ ਮਾਂ ਨਹਿਰ ਵਿੱਚ ਕੱਪੜੇ ਧੋਣ ਦੇ ਬਾਅਦ ਸੁਕਾਉਣ ਲਈ ਸੜਕ ਪਾਰ ਗਈ ਸੀ, ਇਸੇ ਦੌਰਾਨ ਉਸ ਦੀ ਬੱਚੀ ਵੀ ਪਿੱਛੇ ਦੌੜ ਪਈ। ਜਦੋਂ ਉਹ ਸੜਕ ਪਾਰ ਕਰਨ ਲੱਗੀ ਤਾਂ ਦੂਸਰੇ ਪਾਸੇ ਤੋਂ ਆਈ ਬਸ ਨੇ ਉਸ ਨੂੰ ਕੁਚਲ ਦਿੱਤਾ। ਬੱਚੀ ਇਥੇ ਆਪਣੀ ਮਾਸੀ ਕੋਲ ਆਈ ਹੋਈ ਸੀ। ਸਹਾਰਾ ਜਨਸੇਵਾ ਦੇ ਵਰਕਰ ਸੰਦੀਪ ਗਿੱਲ ਨੇ ਦੱਸਿਆ ਕਿ ਉਨ੍ਹਾਂ ਨੂੰ ਸੰਸਥਾ ਦੇ ਹੈਲਪਲਾਈਨ ਨੰਬਰ 'ਤੇ ਫੋਨ ਆਇਆ ਕਿ ਬਹਿਮਨ ਦੀਵਾਨਾ ਰੋਡ 'ਤੇ ਸੜਕ ਪਾਰ ਕਰਦੀ ਤਿੰਨ ਸਾਲ ਦੀ ਬੱਚੀ ਨੂੰ ਪੀ ਆਰ ਟੀ ਸੀ ਦੀ ਬਸ ਨੇ ਕੁਚਲ ਦਿੱਤਾ ਹੈ। ਸੂਚਨਾ ਮਿਲਦੇ ਹੀ ਸੰਸਥਾ ਦੇ ਵਰਕਰ ਮੌਕੇ 'ਤੇ ਪਹੁੰਚੇ ਤਾਂ ਬੱਚੀ ਦੀ ਮੌਤ ਹੋ ਚੁੱਕੀ ਸੀ ਅਤੇ ਉਸ ਦੇ ਸਰੀਰ ਦੀਆਂ ਅੰਤੜੀਆਂ ਬਾਹਰ ਆ ਚੁੱਕੀਆਂ ਸਨ। ਘਟਨਾ ਦਾ ਪਤਾ ਲੱਗਦੇ ਸਾਰ ਪੁਲਸ ਮੌਕੇ 'ਤੇ ਪਹੁੰਚੀ ਅਤੇ ਬਸ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ।


## A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344







# ਨਰਿੰਦਰ ਮੋਦੀ ਇਸ ਐਤਵਾਰ ਤੋਂ 'ਮਨ ਕੀ ਬਾਤ' ਫਿਰ ਕਰਨਗੇ



ਨਵੀਂ ਦਿੱਲੀ, 21 ਮਈ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਕ ਵਾਰ ਮੁੜ ਆਪਣੇ ਪ੍ਰੋਗਰਾਮ 'ਮਨ ਕੀ ਬਾਤ' ਦੇ ਨਵੇਂ ਐਡੀਸ਼ਨ ਨਾਲ ਸਰੋਤਿਆਂ ਸਾਹਮਣੇ ਹੋਣਗੇ। 23 ਮਈ ਨੂੰ ਚੋਣ ਨਤੀਜੇ ਆਉਣ ਤੋਂ ਬਾਅਦ ਉਹ 26 ਮਈ ਨੂੰ 'ਮਨ ਕੀ ਬਾਤ' ਕਰ ਸਕਦੇ ਹਨ।

ਵਰਨਣ ਯੋਗ ਹੈ ਕਿ 24 ਫਰਵਰੀ ਨੂੰ ਆਪਣੇ ਪਿਛਲੇ 'ਮਨ ਕੀ ਬਾਤ' ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨੇ ਮਈ ਦੇ ਅਖੀਰ 'ਚ ਮੁੜ ਮਿਲਣ ਦਾ ਵਾਅਦਾ ਕੀਤਾ ਸੀ। ਇਸ ਤੋਂ ਬਾਅਦ ਮਾਰਚ ਤੇ ਅਪ੍ਰੈਲ ਮਹੀਨੇ 'ਚ ਇਸ ਦਾ ਪ੍ਰਸਾਰਨ ਨਹੀਂ ਹੋਇਆ। ਭਾਜਪਾ ਦੇ ਉਚ ਪੱਧਰੀ ਸੂਤਰਾਂ ਮੁਤਾਬਕ ਪਾਰਟੀ ਦੀ ਜਿੱਤ ਪ੍ਰਤੀ ਆਸਵੰਦ ਪ੍ਰਧਾਨ ਮੰਤਰੀ 'ਮਨ ਕੀ ਬਾਤ' ਦੀਆਂ ਤਿਆਰੀਆਂ 'ਚ ਜੁਟ ਗਏ ਹਨ। ਕਿਉਂਕਿ 'ਮਨ ਕੀ ਬਾਤ' ਪ੍ਰੋਗਰਾਮ ਹਮੇਸ਼ਾ ਹਰ ਮਹੀਨੇ ਦੇ ਆਖਰੀ ਐਤਵਾਰ ਨੂੰ ਪ੍ਰਸਾਰਤ ਹੁੰਦਾ ਸੀ ਤੇ ਇਸ ਵਾਰ ਮਈ ਦੀ ਆਖਰੀ ਐਤਵਾਰ 26 ਤਰੀਕ ਨੂੰ ਹੈ, ਇਸ ਲਈ ਇਸ ਦਿਨ 11 ਵਜੇ 'ਮਨ ਕੀ ਬਾਤ' ਪ੍ਰੋਗਰਾਮ ਪ੍ਰਸਾਰਤ ਕੀਤਾ ਜਾਵੇਗਾ। ਉਂਝ ਅਜੇ ਤੱਕ 'ਮਨ ਕੀ ਬਾਤ' ਪ੍ਰੋਗਰਾਮ ਦਾ ਵਿਸ਼ਾ ਤੈਅ ਨਹੀਂ ਹੈ, ਪਰ ਇਸ ਦਾ ਸਿਆਸਤ ਤੇ ਚੋਣਾਂ ਨਾਲ ਕੋਈ ਲੈਣ ਦੇਣ ਨਹੀਂ ਹੋਵੇਗਾ।

ਭਾਜਪਾ ਦੇ ਇਕ ਸੀਨੀਅਰ ਨੇਤਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਹਮੇਸ਼ਾ 'ਮਨ ਕੀ ਬਾਤ' ਨੂੰ ਸਿਆਸਤ ਤੋਂ ਦੂਰ ਰੱਖਿਆ ਹੈ ਤੇ ਇਸ ਨੂੰ ਸਿਰਫ ਸਮਾਜਿਕ ਅਤੇ ਸਮੇਂ ਦੇ ਮੁੱਦਿਆਂ ਤੱਕ ਸੀਮਤ ਰੱਖਿਆ ਹੈ। ਇਸ ਵਾਰ ਵੀ ਅਜਿਹਾ ਹੀ ਹੋਵੇਗਾ। ਚੇਤੇ ਰਹੇ ਕਿ 2014 ਵਿੱਚ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਨਰਿੰਦਰ ਮੋਦੀ ਨੇ ਗੈਰ ਸਿਆਸੀ ਮੁੱਦਿਆਂ 'ਤੇ ਜਨਤਾ ਵਿਚਕਾਰ ਆਪਣੇ ਮਨ ਦੀ ਗੱਲ ਰੱਖਣ ਦੀ ਸ਼ੁਰੂਆਤ ਕੀਤੀ ਸੀ। ਪਹਿਲਾਂ ਪ੍ਰੋਗਰਾਮ ਦਾ ਪ੍ਰਸਾਰਣ ਤਿੰਨ ਅਕਤੂਬਰ 2014 ਨੂੰ ਹੋਇਆ ਸੀ। 27 ਜਨਵਰੀ 2015 'ਚ ਪ੍ਰਸਾਰਤ ਹੋਏ ਚੌਥੇ ਪ੍ਰੋਗਰਾਮ 'ਚ ਉਨ੍ਹਾਂ ਨਾਲ ਤੱਤਕਾਲੀ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੀ ਸ਼ਾਮਲ ਹੋਏ ਸਨ। ਉਹ ਇਸ ਸਾਲ ਗਣਤੰਤਰ ਦਿਵਸ ਸਮਾਗਮ 'ਚ ਮੁੱਖ ਮਹਿਮਾਨ ਸਨ। ਉਸ ਦੌਰਾਨ ਉਨ੍ਹਾਂ ਨੇ ਕਈ ਭਾਰਤੀ ਨਾਗਰਿਕਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਸਨ। ਨਾਲ ਹੀ ਉਨ੍ਹਾਂ ਨੇ ਅਮਰੀਕਾ 'ਚ ਉਨ੍ਹਾਂ ਦੇ ਪ੍ਰਸ਼ਾਸਨ ਵੱਲੋਂ ਲਾਗੂ ਕੀਤੀ ਗਈਆਂ ਨੀਤੀਆਂ ਬਾਰੇ ਜਾਣਕਾਰੀ ਵੀ ਦਿੱਤੀ ਸੀ।

# ਅੱਤਵਾਦੀ ਹਮਲੇ ਵਿੱਚ ਪਰਿਵਾਰ ਦੇ ਸੱਤ ਜੀਆਂ ਸਮੇਤ ਅਰੁਣਾਚਲ ਦੇ ਵਿਧਾਇਕ ਦੀ ਮੌਤ



ਗੁਹਾਟੀ, 21 ਮਈ (ਪੋਸਟ ਬਿਊਰੋ)- ਨੈਸ਼ਨਲ ਪੀਪੁਲਸ ਪਾਰਟੀ (ਐੱਨਪੀਪੀ) ਵਿਧਾਇਕ ਤਿਰੋਂਗ ਅਬੋ ਅਤੇ ਉਨ੍ਹਾਂ ਦੇ ਪਰਿਵਾਰ ਦੇ 7 ਜੀਆਂ ਦੀ ਇਕ ਹਮਲੇ ਵਿੱਚ ਹੱਤਿਆ ਕਰ ਦਿੱਤੀ ਗਈ ਤੇ ਹਮਲੇ ਵਿੱਚ 2 ਜਣੇ ਗੰਭੀਰ ਜ਼ਖ਼ਮੀ ਦੱਸੇ ਜਾ ਰਹੇ ਹਨ। ਅਬੋ ਅਤੇ 10 ਹੋਰ ਜਣਿਆਂ ਨੂੰ ਅੱਤਵਾਦੀਆਂ ਨੇ ਨਿਸ਼ਾਨਾ ਬਣਾਇਆ ਸੀ। ਇਸ ਨਾਲ ਰਾਜ ਦੀ ਸੁਰੱਖਿਆ ਦੇ ਹਾਲਾਤ ਗੰਭੀਰ ਹੋ ਗਏ ਹਨ। ਹਮਲੇ ਵਿੱਚ ਐੱਨ ਐੱਸ ਸੀ ਐੱਨ ਦੇ ਅੱਤਵਾਦੀਆਂ ਦਾ ਨਾਂ ਆ ਰਿਹਾ ਹੈ।

ਤਿਰੋਂਗ ਅਬੋ ਇਸ ਰਾਜ ਦੀ ਸੱਤਾਧਾਰੀ ਪਾਰਟੀ ਦੇ ਵਿਧਾਇਕ ਸਨ। ਉਹ ਆਪਣੀ ਪਾਰਟੀ ਵੱਲੋਂ ਵਿਧਾਨ ਸਭਾ ਦੀ ਚੋਣ ਲੜ ਰਹੇ ਸਨ। ਹਮਲੇ ਦੇ ਵਕਤ ਤਿਰੋਂਗ ਤਿੰਨ ਵਾਹਨਾਂ ਦੇ ਕਾਫ਼ਲੇ ਨਾਲ ਜਾ ਰਹੇ ਸਨ। ਉਨ੍ਹਾਂ ਨਾਲ ਉਨ੍ਹਾਂ ਦਾ ਬੇਟਾ ਵੀ ਸੀ। ਹਮਲਾਵਰਾਂ ਨੇ ਕਾਫ਼ਿਲੇ ਨੂੰ ਰੋਕਿਆ ਤੇ ਅੰਨ੍ਹੇਵਾਹ ਫਾਇਰਿੰਗ ਸ਼ੁਰੂ ਕਰ ਦਿੱਤੀ, ਜਿਸ ਕਾਰਨ ਕਾਫ਼ਿਲੇ ਦੇ ਵਾਹਨ ਵਿੱਚ ਸਵਾਰ ਵਿਧਾਇਕ ਤਿਰੋਂਗ ਦੀ ਮੌਤ ਹੋ ਗਈ। ਇਹ ਘਟਨਾ ਅਰੁਣਾਚਲ ਪ੍ਰਦੇਸ਼ ਵਿੱਚ ਤਿਰਪ ਜ਼ਿਲ੍ਹੇ ਦੇ ਬੋਗਾਪਾਨੀ ਪਿੰਡ ਵਿੱਚ ਵਾਪਰੀ ਹੈ। ਮੇਘਾਲਿਆ ਦੇ ਮੁੱਖ ਮੰਤਰੀ ਕੋਨਰਾਡ ਸੰਗਮਾ ਨੇ ਕਿਹਾ ਕਿ ਅਰੁਣਾਚਲ ਦੇ ਵਿਧਾਇਕ ਤਿਰੋਂਗ ਅਬੋ ਅਤੇ ਉਨ੍ਹਾਂ ਦੇ ਪਰਿਵਾਰ ਦੀ ਮੌਤ ਦੀ ਖ਼ਬਰ ਨਾਲ ਐੱਨ ਪੀ ਪੀ ਬੇਹੱਦ ਹੈਰਾਨ ਅਤੇ ਦੁਖੀ ਹੈ। ਉਨ੍ਹਾਂ ਕਿਹਾ ਕਿ ਅਸੀਂ ਇਸ ਹਮਲੇ ਦੀ ਨਿੰਦਾ ਕਰਦੇ ਹਾਂ ਅਤੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਅਤੇ ਪ੍ਰਧਾਨ ਮੰਤਰੀ ਮੋਦੀ ਨੂੰ ਇਸ ਹਮਲੇ ਲਈ ਜ਼ਿੰਮੇਵਾਰ ਲੋਕਾਂ ਦੇ ਖ਼ਿਲਾਫ਼ ਕਾਰਵਾਈ ਕਰਨ ਦੀ ਅਪੀਲ ਕਰਦੇ ਹਾਂ।

ਅਰੁਣਾਚਲ ਪ੍ਰਦੇਸ਼ ਦੇ ਗ੍ਰਹਿ ਮੰਤਰੀ ਕੁਮਾਰ ਵਾਈ ਨੇ ਵਿਧਾਇਕ ਤਿਰੋਂਗ ਅਬੋ ਅਤੇ ਉਨ੍ਹਾਂ ਦੇ ਪਰਿਵਾਰ ਦੀ ਮੌਤ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਮੈਂ ਇਸ ਦੀ ਨਿੰਦਾ ਕਰਦਾ ਹਾਂ। ਇਸ ਤਰ੍ਹਾਂ ਦੀ ਘਟਨਾ ਪਹਿਲਾਂ ਕਦੇ ਨਹੀਂ ਹੋਈ। ਘਟਨਾ ਦੀ ਜਾਂਚ ਮਹੱਤਵ ਪੂਰਨ ਹੈ। ਲੱਗਦਾ ਹੈ ਇਕ ਸਿਆਸੀ ਵਿਰੋਧੀ ਨੇ ਇਹ ਕੰਮ ਕੀਤਾ ਹੈ।

# ਹਿੰਦੂ ਕੱਟੜਪੰਥੀ ਬਿਆਨ ਤੋਂ ਹਾਈ ਕੋਰਟ ਵੱਲੋਂ ਕਮਲ ਹਾਸਨ ਨੂੰ ਫਿਟਕਾਰ



ਮਦੁਰੈ, 21 ਮਈ (ਪੋਸਟ ਬਿਊਰੋ)- ਮਦਰਾਸ ਹਾਈ ਕੋਰਟ ਦੀ ਮਦੁਰੈ ਬੈਂਚ ਨੇ ਕੱਲ੍ਹ ਕਮਲ ਹਾਸਨ ਨੂੰ ਉਸ ਦੇ ਹਿੰਦੂ ਕੱਟੜਪੰਥੀ ਵਾਲੇ ਬਿਆਨ 'ਤੇ ਫਿਟਕਾਰ ਲਾਉਂਦੇ ਹੋਏ ਅਗਾਊਂ ਜ਼ਮਾਨਤ ਦੇ ਦਿੱਤੀ ਅਤੇ ਕਿਹਾ ਕਿ ਕਿਸੇ ਕਾਤਲ ਨੂੰ ਧਰਮ, ਜਾਤੀ ਜਾਂ ਵਰਗ ਨਾਲ ਜੋੜਨਾ ਨਿਸ਼ਚਿਤ ਰੂਪ ਤੋਂ ਲੋਕਾਂ ਵਿੱਚ ਨਫਰਤ ਦੇ ਬੀਜ ਬੀਜਣਾ ਹੈ।

ਜਸਟਿਸ ਆਰ ਕੁਗਲੇਂਧੀ ਦੀ ਸਿੰਗਲ ਬੈਂਚ ਨੇ ਫਿਲਮ ਸਟਾਰ ਤੋਂ ਰਾਜਸੀ ਆਗੂ ਬਣੇ ਕਮਲ ਹਾਸਨ ਨੂੰ ਇਸ ਕੇਸ ਵਿੱਚ ਅਰਾਵਾਕੁਰੂਚੀ ਵਿੱਚ ਜੁਡੀਸ਼ਲ ਮੈਜਿਸਟਰੇਟ ਦੀ ਅਦਾਲਤ ਵਿੱਚ ਪੇਸ਼ ਹੋਣ ਅਤੇ 10000 ਰੁਪਏ ਦਾ ਬਾਂਡ ਅਤੇ ਇੰਨੀ ਰਕਮ ਦੀਆਂ ਦੋ ਜ਼ਮਾਨਤਾਂ ਜਮ੍ਹਾ ਕਰਾਉਣ ਦਾ ਹੁਕਮ ਦਿੱਤਾ। ਹਾਸਨ ਦੀ ਅਗਾਊਂ ਜ਼ਮਾਨਤ ਮਨਜ਼ੂਰ ਕਰਦੇ ਹੋਏ ਅਦਾਲਤ ਨੇ ਕਿਹਾ ਕਿ ਨਫਰਤ ਫੈਲਾਉਣ ਵਾਲੇ ਭਾਸ਼ਣ ਅੱਜਕੱਲ੍ਹ ਆਮ ਹੋ ਗਏ ਹਨ, ਜਿਨਾਂ ਦਾ ਨੁਕਸਾਨ ਬੇਕਸੂਰ ਜਨਤਾ ਨੂੰ ਭੁਗਤਣਾ ਪੈਂਦਾ ਹੈ। ਮੱਕਲ ਨਿਧੀ ਮੱਯਮ (ਐੱਮ ਐੱਨ ਐੱਮ) ਦੇ ਮੋਢੀ ਕਮਲ ਹਾਸਨ ਨੇ ਅਰਾਵਾਕੁਰੂਚੀ ਵਿੱਚ ਪਿਛਲੇ ਐਤਵਾਰ ਇੱਕ ਰੈਲੀ ਵਿੱਚ ਬੋਲਦੇ ਹੋਏ ਕਿਹਾ ਸੀ ਕਿ ਆਜ਼ਾਦ ਭਾਰਤ ਦਾ ਪਹਿਲਾ ਕੱਟੜਪੰਥੀ ਇੱਕ ਹਿੰਦੂ ਸੀ, ਜਿਸ ਦਾ ਨਾਂਅ ਨੱਥੂਰਾਮ ਗੌਡਸੇ ਸੀ ਅਤੇ ਜਿਸ ਨੇ ਮਹਾਤਮਾ ਗਾਂਧੀ ਦੀ ਹੱਤਿਆ ਕੀਤੀ ਸੀ। ਹਾਸਨ ਦੇ ਇਸੇ ਬਿਆਨ 'ਤੇ ਉਨ੍ਹਾਂ ਦੇ ਖਿਲਾਫ ਅਰਾਵਾਕੁਰੂਚੀ ਵਿੱਚ ਕੇਸ ਦਰਜ ਕਰਾਇਆ ਗਿਆ ਸੀ। ਇਸ ਮੁੱਦੇ ਨੂੰ ਉਠਾਉਣ ਲਈ ਹਾਸਨ ਨੂੰ ਦੋਸ਼ੀ ਦੱਸਦੇ ਹੋਏ ਜੱਜ ਨੇ ਕਿਹਾ ਕਿ ਇੱਕ ਚੰਗਿਆੜੀ ਇੱਕ ਚਿਰਾਗ ਨੂੰ ਜਗਾ ਸਕਦੀ ਹੈ ਤਾਂ ਜੰਗਲ ਨੂੰ ਰਾਖ ਵੀ ਕਰ ਸਕਦੀ ਹੈ। ਜੱਜ ਨੇ ਆਪਣੇ ਹੁਕਮ ਵਿੱਚ ਕਿਹਾ ਕਿ ਚੋਣ ਰੈਲੀਆਂ ਦੇ ਦੌਰਾਨ ਆਮ ਲੋਕਾਂ ਦੇ ਵਿਕਾਸ ਦੇ ਮੁੱਦਿਆਂ, ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਦੀ ਗੱਲ ਹੋਣੀ ਚਾਹੀਦੀ ਹੈ, ਉਨ੍ਹਾਂ ਦੇ ਵਿੱਚ ਨਫਰਤ ਪੈਦਾ ਕਰਨ ਦੇ ਲਈ ਨਹੀਂ।

ਦੂਸਰੇ ਪਾਸੇ ਤਾਮਿਲ ਨਾਡੂ ਦੀ ਇੱਕ ਹੋਰ ਪਾਰਟੀ ਥੰਥਈ ਪੇਰੀਆਰ ਦ੍ਰਾਵਿੜ ਸ਼ੜਗਮ ਨੇ ਨੱਥੂਰਾਮ ਗੌਡਸੇ ਦੇ ਖਿਲਾਫ ਇੱਕ ਬੈਠਕ ਕਰਨ ਦੇ ਲਈ ਮਦਰਾਸ ਹਾਈ ਕੋਰਟ ਤੋਂ ਮਨਜ਼ੂਰੀ ਮੰਗੀ ਹੈ। ਕਮਲ ਹਾਸਨ ਦੀ ਪਾਰਟੀ ਮੱਕਲ ਨਿਧੀ ਮੱਯਮ ਨੇ ਕਮਲ ਹਾਸਨ ਦੀ ਜੀਭ ਕੱਟ ਲੈਣ ਦੇ ਬਿਆਨ ਉੱਤੇ ਤਾਮਿਲ ਨਾਡੂ ਦੇ ਦੁਗਧ ਅਤੇ ਗ੍ਰਾਮੀਣ ਵਿਕਾਸ ਮੰਤਰੀ ਰਾਜਿੰਦਰ ਬਾਲਾਜੀ ਦੇ ਖਿਲਾਫ ਪੁਲਸ ਕੋਲ ਸ਼ਿਕਾਇਤ ਦਰਜ ਕਰਾਈ।

# ਕਮਲਨਾਥ ਸਰਕਾਰ ਦੇ ਬਹੁਮਤ ਨੂੰ ਭਾਜਪਾ ਵੱਲੋਂ ਚੁਣੌਤੀ ਪੇਸ਼

ਭੋਪਾਲ, 21 ਮਈ (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਪਹਿਲਾਂ ਹੀ ਮੱਧ ਪ੍ਰਦੇਸ਼ ਵਿੱਚ ਸਿਆ-ਸਤ ਭਖ਼ ਗਈ ਹੈ। ਛੇ ਮਹੀਨੇ ਪੁਰਾਣੀ ਕਮਲਨਾਥ ਸਰਕਾਰ 'ਤੇ ਇੱਕ ਵਾਰ ਫਿਰ ਹਮਲਾਵਰ ਹੁੰਦੇ ਹੋਏ ਭਾਜਪਾ ਨੇ ਵਿਧਾਨ ਸਭਾ ਵਿੱਚ ਬਹੁਮਤ ਸਾਬਤ ਕਰਨ ਦੀ ਚੁਣੌਤੀ ਦਿੱਤੀ ਹੈ।

ਕੱਲ੍ਹ ਵਿਰੋਧੀ ਧਿਰ ਦੇ ਨੇਤਾ ਗੋਪਾਲ ਭਾਰਗਵ ਨੇ ਪੱਤਰ ਭੇਜ ਕੇ ਗਵਰਨਰ ਨੂੰ ਅਪੀਲ ਕਰ ਦਿੱਤੀ ਹੈ ਕਿ ਉਹ ਆਪਣੇ ਵਿਸ਼ੇਸ਼ ਅਧਿਕਾਰ ਦੀ ਵਰਤੋਂ ਕਰ ਕੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਜਲਦੀ ਬੁਲਾਉਣ ਦੇ ਲਈ ਮੁੱਖ ਮੰਤਰੀ ਕਮਲਨਾਥ ਨੂੰ ਆਦੇਸ਼ ਦੇਣ। ਇਸ ਪੱਤਰ ਵਿੱਚ ਲਿਖਿਆ ਹੈ ਕਿ ਸੂਬੇ ਵਿੱਚ ਕਈ ਮੁੱਖ ਸਮੱਸਿਆਵਾਂ ਹਨ। ਪੀਣ ਯੋਗ ਪਾਣੀ ਦਾ ਸੰਕਟ ਪੈਦਾ ਹੋ ਗਿਆ ਹੈ। ਕਾਨੂੰਨ ਵਿਵਸਥਾ ਦੀ ਸਥਿਤੀ ਖਰਾਬ ਹੁੰਦੀ ਜਾਂਦੀ ਹੈ। ਕਿਸਾਨਾਂ ਤੋਂ ਕਣਕ ਅਤੇ ਛੋਲਿਆਂ ਦੀਆਂ ਫਸਲਾਂ ਦੀ ਖਰੀਦ

***ਗਵਰਨਰ ਕੋਲੋਂ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਮੰਗ ਚੁੱਕੀ**

ਅਤੇ ਭੁਗਤਾਨ ਨਹੀਂ ਹੋ ਰਿਹਾ। ਸੂਬੇ ਵਿੱਚ ਕਰਜ਼ਾ ਮੁਆਫੀ ਦੇ ਸੰਬੰਧ ਵਿੱਚ ਸਥਿਤੀ ਸਪੱਸ਼ਟ ਨਹੀਂ ਹੈ। ਫਰਵਰੀ ਵਿੱਚ ਦੋ ਦਿਨ ਦਾ ਸੈਸ਼ਨ ਬੁਲਾਇਆ ਸੀ, ਪਰ ਉਸ ਵਿੱਚ ਇਨ੍ਹਾਂ ਵਿਸ਼ਿਆਂ ਉੱਤੇ ਚਰਚਾ ਨਹੀਂ ਹੋ ਸਕੀ ਸੀ। ਇਸ ਲਈ ਵਿਸ਼ੇਸ਼ ਸੈਸ਼ਨ ਦੇ ਲਈ ਮੁੱਖ ਮੰਤਰੀ ਨੂੰ ਨਿਰਦੇਸ਼ ਦੇਣ।

ਦੂਜੇ ਪਾਸੇ ਮੁੱਖ ਮੰਤਰੀ ਕਮਲਨਾਥ ਨੇ ਕਿਹਾ ਕਿ ਸਾਡੀ ਸਰਕਾਰ ਹਮੇਸ਼ਾ ਬਹੁਮਤ ਸਾਬਤ ਕਰਨ ਨੂੰ ਤਿਆਰ ਹੈ, ਸਾਨੂੰ ਕੋਈ ਪ੍ਰੇਸ਼ਾਨੀ ਨਹੀਂ, ਭਾਜਪਾ ਤੜਫ ਰਹੀ ਹੈ, ਕਿਉਂਕਿ ਉਸ ਨੂੰ ਡਰ ਹੈ ਕਿ 15 ਸਾਲ ਦੇ ਭ੍ਰਿਸ਼ਟਾਚਾਰ ਅਤੇ ਘੋਟਾਲਿਆਂ ਦਾ ਪਰਦਾ ਫਾਸ਼ ਹੋਣ ਵਾਲਾ ਹੈ। ਮੱਧ ਪ੍ਰਦੇਸ਼ ਵਿਧਾਨ ਸਭਾ ਦੇ ਕੁੱਲ 230 ਮੈਂਬਰਾਂ ਵਿੱਚੋਂ ਕਾਂਗਰਸ ਦੇ 114 ਤੇ ਭਾਜਪਾ ਦੇ 109 ਵਿਧਾਇਕ ਹਨ। ਕਾਂਗਰਸ ਨੂੰ ਚਾਰ ਆਜ਼ਾਦ, ਦੋ ਬਸਪਾ ਤੇ ਸਮਾਜਵਾਦੀ ਪਾਰਟੀ ਦੇ ਇੱਕ ਮੈਂਬਰ ਦਾ ਸਮਰਥਨ ਵੀ ਹੈ ਅਤੇ ਸਰਕਾਰ ਹਾਲੇ ਮਜ਼ਬੂਤ ਜਾਪਦੀ ਹੈ।

ਵਿਰੋਧੀ ਧਿਰ ਦੇ ਨੇਤਾ ਗੋਪਾਲ ਭਾਰਗਵ ਨੇ ਕਿਹਾ ਕਿ ਵਿਧਾਇਕਾਂ ਦੀ ਖਰੀਦੋ ਫਰੋਖਤ ਉੱਤੇ ਭਾਜਪਾ ਭਰੋਸਾ ਨਹੀਂ ਕਰਦੀ, ਪਰ ਜ਼ਰੂਰਤ ਪਈ ਤਾਂ ਫਲੋਰ ਟੈਸਟ ਕਰਾਵਾਂਗੇ। ਲੋਕ ਸਭਾ ਚੋਣਾਂ ਦੇ ਨਤੀਜਿਆਂ ਪਿੱਛੋਂ ਹਾਲਾਤ ਮੁਤਾਬਕ ਅਸੀਂ ਕਮਲਨਾਥ ਸਰਕਾਰ ਨੂੰ ਸਦਨ ਵਿੱਚ ਬਹੁਮਤ ਸਾਬਿਤ ਕਰਨ ਦੀ ਚੁਣੌਤੀ ਦੇਣ ਬਾਰੇ ਸੋਚਾਂਗੇ। ਉਨ੍ਹਾਂ ਨੇ ਕਿਹਾ ਕਿ ਫਿਲਹਾਲ ਸਾਡੇ ਵੱਲੋਂ ਸਿਰਫ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਅਪੀਲ ਕੀਤੀ ਗਈ ਹੈ। ਕੁਝ ਦਿਨਾਂ ਵਿੱਚ ਨਵੀਂ ਕੇਂਦਰ ਸਰਕਾਰ ਬਣ ਜਾਵੇਗੀ, ਤਦ ਤੱਕ ਵਿਧਾਨ ਸਭਾ ਸੈਸ਼ਨ ਦੀ ਤਰੀਕ ਵੀ ਤੈਅ ਹੋ ਜਾਏਗੀ।

# ਆਰ ਐਸ ਐਸ ਆਗੂ ਭਈਆ ਜੀ ਜੋਸ਼ੀ ਅਤੇ ਨਿਤਿਨ ਗਡਕਰੀ ਦੀ ਬੈਠਕ ਨੇ ਚਰਚਾ ਛੇੜੀ



ਨਵੀਂ ਦਿੱਲੀ, 21 ਮਈ (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਬਾਰੇ ਐਗਜ਼ਿਟ ਪੋਲ ਦੇ ਨਤੀਜਿਆਂ ਦੇ ਕੁਝ ਘੰਟੇ ਬਾਅਦ ਹੀ ਆਰ ਐਸ ਐਸ ਵਿੱਚ ਨੰਬਰ ਦੋ ਦੀ ਭੂਮਿਕਾ ਨਿਭਾ ਰਹੇ ਭਈਆ ਜੀ ਜੋਸ਼ੀ ਅਤੇ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਵਿਚਾਲੇ ਨਾਗਪੁਰ ਵਿੱਚ ਹੋਈ ਮੁਲਾਕਾਤ ਦੇ ਵੱਡੇ ਸਿਆਸੀ ਮਾਅਨੇ ਕੱਢੇ ਜਾ ਰਹੇ ਹਨ।

ਐਗਜ਼ਿਟ ਪੋਲ ਵਿੱਚ ਬੇਸ਼ੱਕ ਭਾਜਪਾ ਨੂੰ ਸਪੱਸ਼ਟ ਬਹੁਮਤ ਦੇ ਸੰਕੇਤ ਹਨ, ਪਰ ਇਸ ਦੇ ਬਾਵਜੂਦ ਜੇ ਪਾਰਟੀ ਨੂੰ ਸਪੱਸ਼ਟ ਬਹੁਮਤ ਨਹੀਂ ਮਿਲਦਾ ਤੇ ਪ੍ਰਧਾਨ ਮੰਤਰੀ ਦੇ ਨਾਂਅ ਬਾਰੇ ਮੋਦੀ ਦੇ ਚਿਹਰੇ 'ਤੇ ਸਹਿਮਤੀ ਨਾ ਬਣੀ ਤਾਂ ਪਾਰਟੀ ਨੂੰ ਸਰਬ ਸੰਮਤੀ ਨਾਲ ਕੋਈ ਹੋਰ ਚਿਹਰਾ ਅੱਗੇ ਕਰਨਾ ਪੈ ਸਕਦਾ ਹੈ ਤੇ ਇਹ ਚਿਹਰਾ ਨਿਤਿਨ ਗਡਕਰੀ ਦਾ ਹੋ ਸਕਦਾ ਹੈ ਇਸ ਲਈ ਇਸ ਬੈਠਕ ਨੂੰ ਬਹੁਤ ਅਹਿਮੀਅਤ ਨਾਲ ਦੇਖਿਆ ਜਾ ਰਿਹਾ ਹੈ। ਸਿਆਸੀ ਹਲਕਿਆਂ ਵਿੱਚ ਚਰਚਾ ਇਹ ਵੀ ਹੈ ਕਿ ਜੇ ਪਾਰਟੀ ਸੱਤਾ ਵਿੱਚ ਆਈ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਣੇ ਤਾਂ ਉਨ੍ਹਾਂ ਦੀ ਕੈਬਨਿਟ ਵਿੱਚ ਬਦਲਾਅ ਤੈਅ ਹੈ, ਕਿਉਂਕਿ ਸੁਸ਼ਮਾ ਸਵਰਾਜ ਨੇ ਇਸ ਵਾਰ ਚੋਣ ਨਹੀਂ ਲੜੀ ਅਤੇ ਅਰੁਣ ਜੇਤਲੀ ਚੋਣਾਂ ਤੋਂ ਕੁਝ ਦੇਰ ਪਹਿਲਾਂ ਸਰਜਰੀ 'ਚੋਂ ਲੰਘੇ ਹਨ ਅਤੇ ਉਨ੍ਹਾਂ ਨੇ ਚੋਣ ਪ੍ਰਚਾਰ ਵੀ ਨਹੀਂ ਕੀਤਾ। ਇਸ ਲਈ ਕੈਬਨਿਟ ਵਿੱਚ ਉਨ੍ਹਾਂ ਦੀ ਜ਼ਿੰਮੇਵਾਰੀ ਘਟਾ ਕੇ ਉਨ੍ਹਾਂ ਨੂੰ ਘੱਟ ਸਰਗਰਮੀ ਵਾਲਾ ਮੰਤਰਾਲਾ ਦਿੱਤਾ ਜਾ ਸਕਦਾ ਹੈ। ਕੈਬਨਿਟ ਵਿੱਚ ਸਭ ਤੋਂ ਵੱਡਾ ਬਦਲਾਅ ਅਮਿਤ ਸ਼ਾਹ ਦੇ ਕਾਰਨ ਹੋਵੇਗਾ, ਕਿਉਂਕਿ ਉਹ ਇਸ ਵਾਰ ਲੋਕ ਸਭਾ ਚੋਣ ਲੜੇ ਹਨ। ਉਨ੍ਹਾਂ ਦਾ ਮੰਤਰੀ ਮੰਡਲ ਵਿੱਚ ਥਾਂ ਤੈਅ ਮੰਨਿਆ ਜਾ ਰਿਹਾ ਹੈ। ਜੇ ਅਮਿਤ ਸ਼ਾਹ ਨੂੰ ਮੰਤਰੀ ਮੰਡਲ ਵਿੱਚ ਜਗ੍ਹਾ ਮਿਲੀ ਤਾਂ ਪਾਰਟੀ ਦਾ ਭਾਰ ਕਿਸੇ ਹੋਰ ਨੇਤਾ ਨੂੰ ਸੌਂਪਿਆ ਜਾ ਸਕਦਾ ਹੈ। ਨਿਤਿਨ ਗਡਕਰੀ ਪਹਿਲਾਂ ਵੀ ਭਾਜਪਾ ਦੇ ਪ੍ਰਧਾਨ ਰਹਿ ਚੁੱਕੇ ਹਨ।

# ਕਤਲ ਕੇਸ ਵਿੱਚ ਇੱਕੋ ਪਰਿਵਾਰ ਦੇ ਸੱਤ ਜੀਆਂ ਨੂੰ ਉਮਰ ਕੈਦ



ਗਿਰੀਡੀਹ, 21 ਮਈ (ਪੋਸਟ ਬਿਊਰੋ)- ਝਾਰਖੰਡ ਵਿੱਚ ਗਿਰੀਡੀਹ ਜ਼ਿਲੇ ਦੀ ਇਕ ਅਦਾਲਤ ਨੇ ਕਤਲ ਦੇ ਕੇਸ ਵਿੱਚ ਕੱਲ੍ਹ ਇਕੋ ਪਰਵਾਰ ਦੇ ਸੱਤ ਜੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਜ਼ਿਲਾ ਜਸਟਿਸ ਕੁਮਾਰ ਦਿਨੇਸ਼ ਦੀ ਅਦਾਲਤ ਨੇ ਇਥੇ ਕੇਸ ਦੀ ਸੁਣਵਾਈ ਦੇ ਬਾਅਦ ਰਾਜੇਸ਼ ਯਾਦਵ ਦੇ ਕਤਲ ਦੇ ਦੋਸ਼ ਵਿੱਚ ਇਕੋ ਪਰਵਾਰ ਦੇ ਸਚਿਨ ਯਾਦਵ, ਵਿੱਕੀ ਯਾਦਵ, ਚੀਕੂ ਯਾਦਵ, ਸੰਜੇ ਉਰਫ ਬਾਬੂ ਯਾਦਵ, ਪੁੜੀਆ ਯਾਦਵ, ਤਿਤੁ ਯਾਦਵ ਅਤੇ ਰਾਜੇਸ਼ ਯਾਦਵ ਨੂੰ ਇਹ ਸਜ਼ਾ ਸੁਣਾਈ ਅਤੇ ਸਾਰਿਆਂ 'ਤੇ 25-25 ਹਜ਼ਾਰ ਰੁਪਏ ਜੁਰਮਾਨਾ ਲਾਇਆ ਹੈ। ਇਨ੍ਹਾਂ 'ਚੋਂ ਸਚਿਨ ਯਾਦਵ ਘਟਨਾ ਦੇ ਬਾਅਦ ਤੋਂ ਜੇਲ੍ਹ ਵਿੱਚ ਬੰਦ ਹੈ, ਜਦ ਕਿ ਹੋਰ ਸਾਰੇ ਦੋਸ਼ੀ ਜ਼ਮਾਨਤ 'ਤੇ ਸਨ। ਇਸ ਤੋਂ ਪਹਿਲਾਂ ਅਦਾਲਤ ਨੇ ਪਿਛਲੇ ਵੀਰਵਾਰ ਨੂੰ ਸੱਤਾਂ ਨੂੰ ਦੋਸ਼ੀ ਕਰਾਰ ਦਿੱਤਾ ਸੀ। ਦੋਸ਼ੀ ਕਰਾਰ ਦੇਣ ਦੇ ਨਾਲ ਹੀ ਸਾਰਿਆਂ ਨੂੰ ਨਿਆਇਕ ਹਿਰਾਸਤ ਵਿੱਚ ਲੈ ਕੇ ਸੈਂਟਰਲ ਜੇਲ੍ਹ ਗਿਰੀਡੀਹ ਭੇਜ ਦਿੱਤਾ ਗਿਆ ਸੀ। ਸਾਰਿਆਂ ਨੂੰ ਸਖਤ ਸੁਰੱਖਿਆ ਵਿਵਸਥਾ ਦੇ ਵਿਚਾਲੇ ਕੱਲ੍ਹ ਸਵੇਰੇ ਜੇਲ੍ਹ ਤੋਂ ਅਦਾਲਤ ਲਿਆਂਦਾ ਗਿਆ।

# ਮਗਰਮੱਛ ਨੂੰ ਪੱਥਰ ਮਾਰ ਕੇ ਉਸ ਦੇ ਜਬਾੜੇ ਵਿੱਚੋਂ ਪਤੀ ਨੂੰ ਕੱਢ ਲਿਆਈ ਇੱਕ ਔਰਤ



ਬੜਵਾਨੀ, ਗੁਜਰਾਤ, 21 ਮਈ (ਪੋਸਟ ਬਿਊਰੋ)- ਪੁਰਾਣੇ ਸਮੇਂ ਦੀ ਸੱਤਿਆਵਾਨ-ਸਵਿੱਤਰੀ ਦੀ ਕਹਾਣੀ ਲੋਕਾਂ ਨੇ ਜ਼ਰੂਰ ਸੁਣੀ ਹੋਵੇਗੀ ਕਿ ਕਿਵੇਂ ਸਤੀ ਸਵਿੱਤਰੀ ਆਪਣੇ ਪਤੀ ਸੱਤਿਆਵਾਨ ਨੂੰ ਯਮਰਾਜ ਤੋਂ ਛੁਡਾ ਲਿਆਈ ਸੀ। ਬੀਤੇ ਸੋਮਵਾਰ ਨੂੰ ਨਰਮਦਾ ਨਦੀ ਕੰਢੇ ਅਜਿਹਾ ਹੀ ਵਾਪਰਿਆ, ਜਦੋਂ ਇਕ ਔਰਤ ਮਗਰਮੱਛ ਨੂੰ ਪੱਥਰ ਮਾਰ-ਮਾਰ ਕੇ ਉਸ ਦੇ ਜਬਾੜੇ ਵਿੱਚੋਂ ਆਪਣੇ ਪਤੀ ਨੂੰ ਬਚਾ ਕੇ ਕੱਢ ਲਿਆਉਣ ਵਿੱਚ ਵੀ ਸਫਲ ਹੋ ਗਈ।

ਪਿੰਡ ਬੋਰਖੇੜੀ ਵਿੱਚ ਨਰਮਦਾ ਇਸ਼ਨਾਨ ਲਈ ਗਏ ਪਤੀ ਨੂੰ ਜਦੋਂ ਮਗਰਮੱਛ ਨੇ ਫੜ ਲਿਆ ਤੇ ਉਸ ਨੂੰ ਖਿੱਚ ਕੇ ਲਿਜਾਣ ਲੱਗਾ ਤਾਂ ਕਿਨਾਰੇ ਤੋਂ ਪਤਨੀ ਨੇ ਮਗਰਮੱਛ ਉੱਤੇ ਤੇਜ਼ੀ ਨਾਲ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ। ਇਸ ਨਾਲ ਪਤੀ ਮਗਰਮੱਛ ਦੇ ਜਬਾੜੇ ਤੋਂ ਛੁੱਟ ਗਿਆ। ਇਹ ਟਕਰਾਅ ਕਰੀਬ 5 ਮਿੰਟ ਚੱਲਿਆ ਸੀ। ਇਸ ਦੇ ਬਾਅਦ ਪਤੀ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਸ ਦੀ ਹਾਲਤ ਠੀਕ ਹੈ।

ਵਰਨਣ ਯੋਗ ਹੈ ਕਿ ਸੋਮਵਾਰ ਨੂੰ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਨਰਮਦਾ ਦੇ ਇਸ਼ਨਾਨ ਲਈ ਗਏ ਸਨ। ਪਿੰਡ ਬੋਰਚਖੇੜੀ ਦਾ ਲੁਸੀਆ (35) ਪੁੱਤਰ ਮੁਨੀਆ ਵੀ ਸਵੇਰੇ ਕਰੀਬ 7 ਵਜੇ ਪਤਨੀ ਉਂਗਲੀ ਬਾਈ ਨਾਲ ਇਸ਼ਨਾਨ ਕਰਨ ਲਈ ਗਿਆ ਸੀ। ਦੋਵੇਂ ਨਰਮਦਾ ਵਿੱਚ ਇਸ਼ਨਾਨ ਕਰ ਰਹੇ ਸਨ ਤਾਂ ਲੁਸੀਆ ਡੂੰਘੇ ਪਾਣੀ ਵਿੱਚ ਚਲਾ ਗਿਆ ਅਤੇ ਦਰਦ ਨਾਲ ਚੀਕਣ ਲੱਗਾ, ਕਿਉਂਕਿ ਮਗਰਮੱਛ ਨੇ ਉਸ ਦੇ ਪੈਰ ਫੜ ਲਏ ਸਨ ਅਤੇ ਖਿੱਚਣ ਦੀ ਕੋਸ਼ਿਸ਼ ਕਰ ਰਿਹਾ ਸੀ। ਪਤੀ ਦੀ ਜਾਨ ਖ਼ਤਰੇ ਵਿੱਚ ਵੇਖ ਕੇ ਉਂਗਲੀ ਬਾਈ ਨੇ ਸਮਾਂ ਗਵਾਏ ਬਿਨਾਂ ਕੰਢੇ ਤੋਂ ਪੱਥਰ ਚੁੱਕ ਕੇ ਮਗਰਮੱਛ ਉਤੇ ਵਰ੍ਹਾਉਣੇ ਸ਼ੁਰੂ ਕਰ ਦਿੱਤੇ। ਉਹ ਲਗਾਤਾਰ ਪੱਥਰ ਮਾਰਦੀ ਰੌਲਾ ਪਾਉਂਦੀ ਰਹੀ। ਅਚਾਨਕ ਹੋਏ ਹਮਲੇ ਨਾਲ ਘਬਰਾਏ ਮਗਰਮੱਛ ਦਾ ਜਬਾੜਾ ਲੁਸੀਆ ਦੇ ਪੈਰ ਉੱਤੇ ਢਿੱਲਾ ਪੈ ਗਿਆ। ਉਸ ਨੇ ਤੁਰੰਤ ਕਿਨਾਰੇ ਵੱਲ ਵਧਣਾ ਸ਼ੁਰੂ ਕਰ ਦਿੱਤਾ ਤਾਂ ਉਂਗਲੀ ਬਾਈ ਨੇ ਪੱਥਰ ਮਾਰਨੇ ਬੰਦ ਨਹੀਂ ਕੀਤੇ। ਫਿਰ ਮਗਰਮੱਛ ਡੂੰਘੇ ਪਾਣੀ ਵਿੱਚ ਚਲਾ ਗਿਆ।

ਕੰਢੇ ਉੱਤੇ ਮੌਜੂਦ ਲੋਕਾਂ ਨੇ ਲੁਸੀਆ ਨੂੰ ਪਾਣੀ ਵਿੱਚੋਂ ਕੱਢਿਆ। ਉਸ ਦੇ ਦੋਵੇਂ ਪੈਰਾਂ ਵਿੱਚ ਮਗਰਮੱਛ ਦੇ ਦੰਦਾਂ ਨਾਲ ਡੂੰਘੇ ਜ਼ਖ਼ਮ ਹੋ ਗਏ ਸਨ, ਇਸ ਲਈ ਜ਼ਿਲ੍ਹਾ ਹਸਪਤਾਲ ਲਿਜਾਇਆ ਗਿਆ। ਓਥੇ ਉਸ ਦੀ ਹਾਲਤ ਠੀਕ ਹੈ। ਹਸਪਤਾਲ ਪਹੁੰਚੇ ਜੰਗਲਾਤ ਵਿਭਾਗ ਦੇ ਅਫਸਰਾਂ ਨੇ ਨਿਯਮਾਂ ਅਨੁਸਾਰ ਲੁਸੀਆ ਨੂੰ ਸਹਾਇਤਾ ਦੇਣ ਦੀ ਗੱਲ ਆਖੀ ਹੈ।

# ਪ੍ਰਸਾਦ ਯੋਜਨਾ ਦਾ ਦਾਇਰਾ ਸਾਰੇ ਵੱਡੇ ਮੰਦਰਾਂ ਤੱਕ ਵਧੇਗਾ

ਦੇਹਰਾਦੂਨ, 21 ਮਈ (ਪੋਸਟ ਬਿਊਰੋ)- ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੀ ਪ੍ਰਸਾਦ ਯੋਜਨਾ ਦੇ ਤਹਿਤ ਬਦਰੀਨਾਥ ਧਾਮ, ਕੇਦਾਰਨਾਥ ਧਾਮ ਅਤੇ ਵੈਸ਼ਣੋ ਦੇਵੀ ਦੇ ਬਾਅਦ ਦੇਸ਼ ਦੇ ਹੋਰ ਵੱਡੇ ਮੰਦਰਾਂ ਵਿੱਚ ਵੀ ਪ੍ਰਸਾਦ ਪ੍ਰੋਗਰਾਮ ਦੇ ਤਹਿਤ ਸਥਾਨਕ ਉਤਪਾਦਾਂ ਨਾਲ ਬਣੇ ਸ਼ੁੱਧ ਪੌਸ਼ਟਿਕ ਪ੍ਰਸਾਦਾਂ ਦੀ ਸਪਲਾਈ ਕੀਤੀ ਜਾਵੇਗੀ। ਇਸ ਨਾਲ ਨਾ ਸਥਾਨਕ ਲੋਕਾਂ ਤੇ ਔਰਤਾਂ ਨੂੰ ਰੁਜ਼ਗਾਰ ਦੇ ਮੌਕੇ ਹੋਣਗੇ ਤੇ ਚੌਲ, ਮੱਕਾ ਆਦਿ ਦੀ ਮੰਗ ਵਧਣ ਨਾਲ ਖੇਤੀਬਾੜੀ ਨੂੰ ਉਤਸ਼ਾਹ ਮਿਲੇਗਾ।

ਕੇਂਦਰ ਸਰਕਾਰ ਦੇ ਬਾਇਓ ਟੈਕਨਾਲੋਜੀ ਵਿਭਾਗ ਦੀ ਸਕੱਤਰ ਡਾ. ਰੇਨੂੰ ਸਵਰੂਪ ਨੇ ਕੱਲ੍ਹ ਇੱਕ ਪ੍ਰੋਗਰਾਮ ਵਿੱਚ ਇਸ ਨੂੰ ਰਾਸ਼ਟਰੀ ਪੱਧਰ ਉੱਤੇ ਲਾਗੂ ਕਰਨ ਦੀ ਸ਼ੁਰੂਆਤ ਕੀਤੀ। ਇਸ ਮੌਕੇ ਡਾ. ਰੇਨੂੰ ਸਵਰੂਪ ਨੇ ਕਿਹਾ ਕਿ ਪ੍ਰਸਾਦ ਰੁਜ਼ਗਾਰ ਪ੍ਰੋਗਰਾਮ ਬਾਇਓ ਟੈਕਨਾਲੋਜੀ ਅਸਲ ਵਿੱਚ ਕੇਂਦਰ ਸਰਕਾਰ ਵੱਲੋਂ ਸਾਲ 2004 ਵਿੱਚ 15 ਸਥਾਨਾਂ ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ ਇਸ ਨੂੰ 10 ਰਾਜਾਂ ਵਿੱਚ ਲਾਗੂ ਕੀਤਾ ਗਿਆ ਹੈ। ਇਸ ਨੂੰ ਰਾਸ਼ਟਰੀ ਪੱਧਰ 'ਤੇ ਲਾਗੂ ਕਰਨ ਨਾਲ ਸਥਾਨਕ ਉਤਪਾਦਾਂ ਦੀ ਮੰਗ ਵਧਣ ਨਾਲ ਪ੍ਰਸਾਦਾਂ ਨੂੰ ਬਣਾਉਣ ਵਿੱਚ ਇਸਤੇਮਾਲ ਹੋਣ ਵਾਲੇ ਉਤਪਾਦਾਂ ਦੀ ਮੰਗ ਵਧੇਗੀ। ਨਾਲ ਹੀ ਸਥਾਨਕ ਲੋਕਾਂ ਲਈ ਰੁਜ਼ਗਾਰ ਦੇ ਵਧੀਆ ਮੌਕੇ ਮੁਹੱਈਆ ਹੋਣਗੇ। ਪ੍ਰਸਾਦ ਪ੍ਰੋਗਰਾਮ ਨੂੰ ਤੇਜ਼ੀ ਨਾਲ ਲਾਗੂ ਕਰਨ ਲਈ ਕੇਂਦਰ ਤੇ ਰਾਜ ਸਰਕਾਰਾਂ ਦੇ ਅਧਿਕਾਰੀਆਂ ਦੇ ਨਾਲ ਜਲਦ ਬੈਠਕ ਕੀਤੀ ਜਾਵੇਗੀ।

# ਇਨਾਮ ਨਹੀਂ, ਖਰਚੇ ਲਈ ਹੁੰਦਾ ਹੈ ਗੁਜ਼ਾਰਾ ਭੱਤਾ: ਹਾਈ ਕੋਰਟ

ਨਵੀਂ ਦਿੱਲੀ, 21 ਮਈ (ਪੋਸਟ ਬਿਊਰੋ)- ਪਾਲਣ-ਪੋਸ਼ਣ ਬਾਰੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਚੁਣੌਤੀ ਦੇਂਦੀ ਪਟੀਸ਼ਨ 'ਤੇ ਹਾਈ ਕੋਰਟ ਨੇ ਕਿਹਾ ਹੈ ਕਿ ਪਾਲਣ ਪੋਸ਼ਣ ਕੋਈ ਇਨਾਮ ਨਹੀਂ, ਬਲਕਿ ਇਹ ਵੱਖ ਰਹਿਣ ਵਾਲੀ ਪਤਨੀ ਦੇ ਖਰਚੇ ਲਈ ਦਿੱਤਾ ਜਾਂਦਾ ਹੈ। ਅਜਿਹੇ 'ਚ ਇਹ ਉਸ ਦੀ ਅਰਜ਼ੀ ਦੀ ਤਰੀਕ ਤੋਂ ਦਿੱਤਾ ਜਾਣਾ ਚਾਹੀਦਾ ਹੈ। ਜਸਟਿਸ ਸੰਜੀਵ ਸਚਦੇਵਾ ਨੇ ਇਹ ਟਿੱਪਣੀ ਕਰਦਿਆਂ ਅਪੀਲ ਕਰਤਾ ਦੀ ਪਟੀਸ਼ਨ ਖਾਰਜ ਕਰ ਦਿੱਤੀ। ਇਸ 'ਚ ਹੇਠਲੀ ਅਦਾਲਤ ਨੇ ਮਈ 2017 ਨੂੰ ਪਟੀਸ਼ਨਰ ਨੂੰ ਅਰਜ਼ੀ ਦੀ ਤਰੀਕ ਤੋਂ ਪੀੜਤਾ ਨੂੰ 40 ਹਜ਼ਾਰ ਰੁਪਏ ਪਾਲਣ ਪੋਸ਼ਣ ਦਾ ਭੱਤਾ ਦੇਣ ਦੇ ਆਦੇਸ਼ ਦਿੱਤੇ ਸਨ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6



## ਕਾਮੇਡੀਅਨ ਜੇਲੈਂਸਕੀ ਨੇ ਯੂਕਰੇਨ ਦੇਸ਼ ਦੀ ਕਮਾਨ ਸੰਭਾਲੀ

ਕੀਵ, 21 ਮਈ (ਪੋਸਟ ਬਿਊਰੋ)- ਛੋਟੇ ਪਰਦੇ 'ਤੇ ਰਾਸ਼ਟਰਪਤੀ ਦਾ ਕਿਰਦਾਰ ਨਿਭਾ ਚੁੱਕੇ ਕਾਮੇਡੀਅਨ ਵਲਾਦੀਮੀਰ ਜੇਲੈਂਸਕੀ ਨੇ ਕੱਲ੍ਹ ਯੂਕਰੇਨ ਦੀ ਕਮਾਨ ਸੰਭਾਲ ਲਈ ਹੈ। ਰਾਸ਼ਟਰਪਤੀ ਅਹੁਦੇ ਦੀ ਸਹੁੰ ਚੁੱਕਣ ਵੇਲੇ ਉਨ੍ਹਾਂ ਵਾਅਦਾ ਕੀਤਾ ਕਿ ਉਨ੍ਹਾਂ ਦਾ ਪਹਿਲਾ ਕੰਮ ਪੂਰਬੀ ਯੂਕਰੇਨ ਵਿੱਚ ਰੂਸ ਪੱਖੀ ਵੱਖਵਾਦੀਆਂ ਨਾਲ ਜੰਗਬੰਦੀ ਕਰਨਾ ਹੈ। ਇਸ ਸੰਘਰਸ਼ 'ਚ ਹਾਲੇ ਤੱਕ ਕਰੀਬ 13 ਹਜ਼ਾਰ ਲੋਕਾਂ ਦੀ ਜਾਨ ਜਾ ਚੁੱਕੀ ਹੈ। ਵੱਖਵਾਦੀਆਂ ਨੇ ਵੀ ਏਦਾਂ ਦਾ ਸੰਕੇਤ ਦਿੱਤਾ ਹੈ ਕਿ ਉਹ ਨਵੇਂ ਰਾਸ਼ਟਰਪਤੀ ਨਾਲ ਗੱਲਬਾਤ ਕਰ ਸਕਦੇ ਹਨ।

ਜੇਲੈਂਸਕੀ ਨੇ ਪਾਰਲੀਮੈਂਟ ਵਿੱਚ ਸੰਵਿਧਾਨ ਅਤੇ ਬਾਈਬਲ ਦੀ ਕਾਪੀ 'ਤੇ ਹੱਥ ਰੱਖ ਕੇ ਯੂਕਰੇਨ ਦੀ ਖੁਦਮੁਖਤਾਰੀ ਅਤੇ ਆਜ਼ਾਦੀ ਦੀ ਰੱਖਿਆ ਕਰਨ ਦੀ ਸਹੁੰ ਚੁੱਕੀ ਹੈ। ਉਨ੍ਹਾਂ ਆਪਣੇ ਪਹਿਲੇ ਭਾਸ਼ਨ 'ਚ ਪਾਰਲੀਮੈਂਟ ਨੂੰ ਭੰਗ ਕਰਨ ਦਾ ਐਲਾਨ ਕੀਤਾ। ਯੂਕਰੇਨ 'ਚ ਇਸ ਸਾਲ ਅਕਤੂਬਰ 'ਚ ਪਾਰਲੀਮੈਂਟ ਚੋਣਾਂ ਹੋਣ ਵਾਲੀਆਂ ਸਨ, ਪਰ ਇਹ ਚੋਣਾਂ ਪਹਿਲਾਂ ਹੀ ਕਰਾਈਆਂ ਜਾਣਗੀਆਂ। ਜੇਲੈਂਸਕੀ ਨੇ ਕਿਹਾ, 'ਉਨ੍ਹਾਂ ਲੋਕਾਂ ਨੂੰ ਸੱਤਾ 'ਚ ਆਉਣਾ ਚਾਹੀਦਾ ਹੈ, ਜਿਹੜੇ ਜਨਤਾ ਦੀ ਸੇਵਾ ਕਰਨਾ ਚਾਹੁੰਦੇ ਹਨ।' ਆਲੋਚਕਾਂ ਨੇ ਇਹ ਸਵਾਲ ਉਠਾਇਆ ਸੀ ਕਿ ਕੀ ਉਹ ਪਾਰਲੀਮੈਂਟ ਵਿੱਚ ਬਿਨਾਂ ਬਹੁਮਤ ਵਾਲੀ ਸਰਕਾਰ ਚਲਾਉਣ 'ਚ ਸਮਰੱਥ ਹੋ ਸਕਣਗੇ? ਜੇਲੈਂਸਕੀ ਦੀ ਪਾਰਟੀ ਦੀ ਹਾਲੇ ਪਾਰਲੀਮੈਂਟ 'ਚ ਨੁਮਾਇੰਦਗੀ ਨਹੀਂ ਹੈ।

## ਮਨੁੱਖੀ ਭਲਾਈ ਲਈ ਭਾਰਤੀ ਸੰਸਥਾ ਨੂੰ ਗਿੰਨੀਜ਼ ਬੁੱਕ ਵਿੱਚ ਥਾਂ ਮਿਲੀ

ਦੁਬਈ, 21 ਮਈ (ਪੋਸਟ ਬਿਊਰੋ)- ਖਾੜੀ ਦੇ ਦੇਸ਼ ਯੂ ਏ ਈ ਵਿੱਚ ਇਕ ਭਾਰਤੀ ਵੱਲੋਂ ਮਨੁੱਖੀ ਭਲਾਈ ਲਈ ਚਲਾਏ ਜਾਂਦੇ ਸੰਗਠਨ 'ਪੀ ਸੀ ਟੀ ਹਿਊਮੈਨਿਟੀ' ਨੂੰ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ ਵਿੱਚ ਥਾਂ ਮਿਲੀ ਹੈ। ਜੋਗਿੰਦਰ ਸਿੰਘ ਸਲਾਰੀਆ ਦੀ ਅਗਵਾਈ ਵਿੱਚ ਚੱਲਦੀ ਇਸ ਸੰਸਥਾ ਨੂੰ ਇਹੋ ਜਿਹਾ ਮਾਣ ਰਮਜ਼ਾਨ ਦੇ ਪਵਿੱਤਰ ਮਹੀਨੇ ਭੋਜਨ ਦੀ ਰਾਹਤ ਪਹੁੰਚਾਉਣ ਦੇ ਲਈ ਮਿਲਿਆ ਹੈ। ਸੰਸਥਾ ਦੁਬਈ ਦੇ ਸਨਅਤੀ ਪਾਰਕ ਵਿੱਚ ਸਲਾਰੀਆ ਦੀ ਕੰਪਨੀ 'ਪਹਿਲ ਇੰਟਰਨੈਸ਼ਨਲ' ਦੇ ਅਹਾਤੇ ਵਿੱਚ ਸ਼ਾਕਾਹਾਰੀ ਇਫਤਾਰ ਦਾ ਪ੍ਰਬੰਧ ਕਰ ਰਹੀ ਹੈ। ਇਸ ਮੁਹਿੰਮ ਨੇ ਬੀਤੇ ਸ਼ਨਿਚਰਵਾਰ ਨੂੰ 'ਭੁੱਖ ਮਿਟਾਉਣ ਲਈ ਕਤਾਰ ਵਿੱਚ ਲਾਏ ਗਏ ਪਕਵਾਨਾਂ ਦੇ ਸਭ ਤੋਂ ਲੰਮੇ ਪੈਕੇਜ' ਦਾ ਵਿਸ਼ਵ ਰਿਕਾਰਡ ਕਾਇਮ ਕੀਤਾ ਹੈ। ਸਲਾਰੀਆ ਨੇ ਕਿਹਾ ਕਿ ਲੋਕਾਂ ਦੇ ਚਿਹਰਿਆਂ 'ਤੇ ਮੁਸਕੁਰਾਹਟ ਦੇਖ ਕੇ ਬੜੀ ਖੁਸ਼ੀ ਮਿਲਦੀ ਹੈ। ਇਹ ਰਿਕਾਰਡ ਬਣਾਉਣਾ ਤਾਂ ਇਸ ਦਾ ਇਕ ਹਿੱਸਾ ਹੈ, ਅਸਲ ਮਕਸਦ ਲੋੜਵੰਦਾਂ ਨੂੰ ਸ਼ੁੱਧ ਸ਼ਾਕਾਹਾਰੀ ਭੋਜਨ ਪੇਸ਼ ਕਰਨਾ ਹੈ ਤਾਂ ਕਿ ਉਹ ਸਿਹਤਮੰਦ ਰਹਿ ਸਕਣ ਤੇ ਜਾਨਵਰਾਂ ਦਾ ਭਲਾ ਵੀ ਇਸ ਮੁਹਿੰਮ ਦਾ ਹਿੱਸਾ ਹੈ। ਇਸ ਇਫਤਾਰ ਭੋਜ ਵਿੱਚ ਕਰੀਬ ਸੱਤ ਤਰ੍ਹਾਂ ਦੇ ਪਕਵਾਨ ਸਨ ਤੇ ਉਨ੍ਹਾਂ ਨੂੰ ਲਗਾਤਾਰ ਇਕ ਕਿਲੋਮੀਟਰ ਤੱਕ ਪਰੋਸਿਆ ਗਿਆ ਸੀ।

# ਪਾਕਿ ਸਿਹਤ ਵਿਭਾਗ ਦੀ ਪੋਲੀਓ ਮੁਹਿੰਮ ਦੇ ਮੁਲਾਜ਼ਮਾਂ ਨੇ ਨੌਕਰੀ ਛੱਡੀ

ਇਸਲਾਮਾਬਾਦ, 21 ਮਈ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਬੀਤੇ ਕੁਝ ਸਾਲਾਂ ਤੋਂ ਪੋਲੀਓ ਦੇ ਕੇਸਾਂ ਦਾ ਭਾਰੀ ਵਾਧਾ ਹੋ ਰਿਹਾ ਹੈ, ਜਿਸ ਦਾ ਮੁੱਖ ਕਾਰਨ ਪਾਕਿਸਤਾਨ ਦੇ ਮੁਸਲਿਮ ਕੱਟੜਵਾਦੀਆਂ ਵੱਲੋਂ ਪੋਲੀਓ ਸੁਰੱਖਿਆ ਮੁਹਿੰਮ ਦਾ ਵਿਰੋਧ ਕਰਨਾ ਤੇ ਇਸ ਕਾਰਨ ਪਾਕਿਸਤਾਨ ਵਿੱਚ ਸਿਹਤ ਵਿਭਾਗ ਦੇ ਪੋਲੀਓ ਮੁਹਿੰਮ ਦੇ ਮੁਲਾਜ਼ਮਾਂ ਦੀ ਜਾਨ ਨੂੰ ਖਤਰਾ ਹੈ ਅਤੇ ਇਸ ਕਾਰਨ 2019 ਵਿੱਚ ਅਨੇਕ ਸਰਕਾਰੀ ਮੁਲਾਜ਼ਮਾਂ ਨੇ ਨੌਕਰੀ ਛੱਡ ਦਿੱਤੀ ਹੈ।



ਇਸ ਬਾਰੇ ਜਾਣਕਾਰ ਸੂਤਰਾਂ ਨੇ ਦੱਸਿਆ ਹੈ ਕਿ ਪਾਕਿਸਤਾਨ ਦੇ ਵੱਡੇ ਮੁੱਖ ਸ਼ਹਿਰਾਂ ਤੋਂ ਹਟ ਕੇ ਸਰਹੱਦੀ, ਪਹਾੜੀ ਤੇ ਕਬਾਇਲੀ ਖੇਤਰਾਂ ਵਿੱਚ ਪੋਲੀਓ ਮੁਹਿੰਮ ਦੇ ਮੁਲਾਜ਼ਮ ਆਪਣੀ ਡਿਊਟੀ 'ਤੇ ਜਾਣ ਤੋਂ ਸੰਕੋਚ ਕਰਦੇ ਹਨ ਕਿਉਂਕਿ ਓਥੇ ਕੱਟੜਵਾਦੀਆਂ ਵੱਲੋਂ ਪੋਲੀਓ ਮੁਹਿੰਮ ਵਿੱਚ ਗਈਆਂ ਕਈ ਟੀਮਾਂ 'ਤੇ ਹਮਲੇ ਕੀਤੇ ਗਏ ਹਨ ਜਿਨ੍ਹਾਂ ਹਮਲਿਆਂ ਵਿੱਚ ਕਈ ਸਰਕਾਰੀ ਸਿਹਤ ਮੁਲਾਜ਼ਮਾਂ ਦੀ ਮੌਤ ਹੋ ਚੁੱਕੀ ਹੈ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਲੰਬੇ ਸਮੇਂ ਤੋਂ ਉਕਤ ਇਲਾਕਿਆਂ ਵਿੱਚ ਸਰਕਾਰੀ ਪੋਲੀਓ ਟੀਮਾਂ 'ਤੇ ਉਥੇ ਦੇ ਮੁਸਲਮਾਨ ਕੱਟੜਵਾਦੀਆਂ ਵੱਲੋਂ ਹਮਲੇ ਕੀਤੇ ਗਏ ਹਨ। ਇਸ ਕਾਰਨ ਬੀਤੇ ਮਾਰਚ, ਅਪ੍ਰੈਲ ਮਹੀਨੇ ਵਿੱਚ ਕਈ ਸਿਹਤ ਮੁਲਾਜ਼ਮਾਂ ਨੇ ਨੌਕਰੀ ਛੱਡ ਦਿੱਤੀ, ਜਿਨ੍ਹਾਂ ਦੀ ਡਿਊਟੀ ਇਨ੍ਹਾਂ ਇਲਾਕਿਆਂ ਵਿੱਚ ਲਾਈ ਜਾਂਦੀ ਹੈ ਜਿੱਥੇ ਆਏ ਦਿਨ ਹਮਲੇ ਹੁੰਦੇ ਹਨ। ਇਹ ਵੀ ਪਤਾ ਲੱਗਾ ਹੈ ਕਿ ਪਾਕਿਸਤਾਨ ਵਿੱਚ ਪੋਲੀਓ ਮੁਹਿੰਮ ਦੀ ਜਿੱਦਾਂ ਦੀ ਸਥਿਤੀ ਸਾਹਮਣੇ ਆ ਰਹੀ ਹੈ, ਉਸ ਤੋਂ ਇਸ ਗੱਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪਾਕਿਸਤਾਨ ਤੋਂ ਆਉਣ ਵਾਲੇ ਕੁਝ ਸਾਲਾਂ ਵਿੱਚ ਪੋਲੀਓ ਦਾ ਉਲਟ ਪ੍ਰਭਾਵ ਇੰਨਾ ਵੱਧ ਜਾਵੇਗਾ ਜਿਸ ਦਾ ਖਤਰਾ ਪਾਕਿਸਤਾਨ ਲਈ ਤਾਂ ਹੋਵੇਗਾ ਹੀ ਨਾਲ ਹੀ ਇਹ ਖਤਰਾ ਸਾਰੇ ਏਸ਼ੀਆਈ ਦੇਸ਼ਾਂ ਲਈ ਬਹੁਤ ਵੱਡੀ ਚੁਣੌਤੀ ਬਣ ਸਕਦਾ ਹੈ।

# ਆਸਟਰੇਲੀਆ ਦੇ ਪਹਿਲੇ ਭਾਰਤਵੰਸ਼ੀ ਐੱਮ ਪੀ ਦੇਵ ਸ਼ਰਮਾ ਬਣੇ

ਮੈਲਬੌਰਨ, 21 ਮਈ (ਪੋਸਟ ਬਿਊਰੋ)- ਆਸਟਰੇਲੀਆ ਵਿੱਚ ਭਾਰਤੀ ਮੂਲ ਦੇ ਲਿਬਰਲ ਉਮੀਦਵਾਰ ਦੇਵ ਸ਼ਰਮਾ ਨੇ ਇਤਿਹਾਸ ਰਚ ਦਿੱਤਾ ਹੈ। ਉਹ ਆਸਟਰੇਲੀਆਈ ਪਾਰਲੀਮੈਂਟ ਵਿੱਚ ਪਹੁੰਚਣ ਵਾਲੇ ਪਹਿਲੇ ਭਾਰਤਵੰਸ਼ੀ ਬਣ ਗਏ ਹਨ। ਫੈਡਰਲ ਚੋਣਾਂ ਵਿੱਚ ਉਨ੍ਹਾਂ ਸਿਡਨੀ ਦੇ ਉਪਨਗਰ ਵੈਂਟਵਰਥਿਨ ਤੋਂ ਚੋਣ ਜਿੱਤੀ ਹੈ।



43 ਸਾਲਾ ਸ਼ਰਮਾ ਨੇ ਇਸ ਚੋਣ ਦੌਰਾਨ ਆਜ਼ਾਦ ਉਮੀਦਵਾਰ ਕੇਰੀ ਫਲੇਪਸ ਨੂੰ ਹਰਾਇਆ ਹੈ। ਉਨ੍ਹਾਂ ਨੂੰ 51.16 ਫ਼ੀਸਦੀ ਵੋਟ ਮਿਲੇ ਹਨ। ਇਸੇ ਸੀਟ ਉਤੇ ਸਿਰਫ਼ ਛੇ ਮਹੀਨੇ ਪਹਿਲਾਂ ਹੋਈ ਜ਼ਿਮਨੀ ਚੋਣ ਵਿੱਚ ਫਲੇਪਸ ਦੇ ਹੱਥੋਂ ਸ਼ਰਮਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਚੋਣ ਜਿੱਤਣ ਪਿੱਛੋਂ ਸ਼ਰਮਾ ਨੇ ਟਵੀਟ ਵਿੱਚ ਲਿਖਿਆ, 'ਵੈਂਟਵਰਥਿਨ ਦੀ ਜਨਤਾ ਨੇ ਮੇਰੇ ਉੱਤੇ ਯਕੀਨ ਵਿਖਾਇਆ, ਜਿਸ ਦਾ ਮੈਂ ਬੇਹੱਦ ਧੰਨਵਾਦੀ ਹਾਂ। ਮੈਂ ਪਾਰਲੀਮੈਂਟ ਅਤੇ ਪਾਰਟੀ ਦੇ ਅੰਦਰ ਉਨ੍ਹਾਂ ਦੀ ਆਵਾਜ਼ ਬਣਨ ਲਈ ਉਤਸੁਕ ਹਾਂ।' ਦੇਵ ਸ਼ਰਮਾ ਨੇ ਉਨ੍ਹਾਂ ਸਵਾਲਾਂ ਨੂੰ ਟਾਲ ਦਿੱਤਾ, ਜਦੋਂ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਸਕਾਟ ਮੌਰੀਸਨ ਦੀ ਕੈਬਨਿਟ ਵਿੱਚ ਸ਼ਾਮਲ ਕੀਤਾ ਜਾਵੇਗਾ? ਉਨ੍ਹਾਂ ਨੇ ਸਿਰਫ਼ ਏਨਾ ਕਿਹਾ ਕਿ ਉਨ੍ਹਾਂ ਦਾ ਧਿਆਨ ਚੰਗਾ ਸਥਾਨਕ ਪ੍ਰਤੀਨਿਧੀ ਬਣਨ ਉੱਤੇ ਰਹੇਗਾ। ਦੇਵ ਸ਼ਰਮਾ ਸਾਲ 2013 ਤੋਂ ਲੈ ਕੇ 2017 ਤਕ ਇਜ਼ਰਾਈਲ ਵਿੱਚ ਆਸਟਰੇਲੀਆ ਦੇ ਰਾਜਦੂਤ ਰਹਿ ਚੁੱਕੇ ਹਨ। ਉਨ੍ਹਾਂ ਦੇ ਪਿਤਾ ਭਾਰਤੀ ਅਤੇ ਮਾਂ ਆਸਟਰੇਲੀਅਨ ਹਨ। ਉਨ੍ਹਾਂ ਦਾ ਪਰਿਵਾਰ ਬੀਤੀ ਸਦੀ ਦੇ ਅੱਠਵੇਂ ਦਹਾਕੇ ਤੋਂ ਸਿਡਨੀ ਵਿੱਚ ਰਹਿ ਰਿਹਾ ਹੈ।

ਆਸਟਰੇਲੀਆ ਦੀਆਂ ਫੈਡਰਲ ਚੋਣਾਂ ਦੇ ਲਈ ਭਾਰਤੀ ਮੂਲ ਦੇ 10 ਤੋਂ ਵੱਧ ਉਮੀਦਵਾਰ ਸਨ। ਹਾਕਮ ਲਿਬਰਲ ਪਾਰਟੀ ਨੇ ਵਿਵੇਕ ਸਿੰਘਾ, ਸਚਿਨ ਜੋਸ਼ੀ ਅਤੇ ਹੇਮੰਤ ਸ਼ਰਮਾ ਨੂੰ ਵੀ ਉਮੀਦਵਾਰ ਬਣਾਇਆ ਸੀ, ਪਰ ਉਨ੍ਹਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਵਿਰੋਧੀ ਧਿਰ ਲੇਬਰ ਪਾਰਟੀ ਨੇ ਅਰੁਣਾ ਚੰਦਰਲਾਲ ਅਤੇ ਪਰਵਿੰਦਰ ਸਰਵਾਰਾ ਨੂੰ ਉਮੀਦਵਾਰ ਬਣਾਇਆ ਸੀ। ਯੂਨਾਈਟਿਡ ਆਸਟਰੇਲੀਆ ਪਾਰਟੀ ਨੇ ਰਾਜ ਸੈਮਸਨ ਰਾਜਵਿਨ, ਪ੍ਰਕੁਲ ਛਾਬੜਾ, ਜਤਿੰਦਰ ਸਿੰਘ ਅਤੇ ਸਾਹਿਲ ਚਾਵਲਾ ਨੇ ਚੋਣ ਲੜੀ ਸੀ। ਆਸਟਰੇਲੀਆ ਵਿੱਚ ਬੀਤੇ ਸ਼ਨਿਚਰਵਾਰ ਹੋਈਆਂ ਚੋਣਾਂ ਤੋਂ ਬਾਅਦ ਚੋਣ ਕਮਿਸ਼ਨ ਮੁਤਾਬਕ ਪ੍ਰਧਾਨ ਮੰਤਰੀ ਤੇ ਲਿਬਰਲ ਪਾਰਟੀ ਦੇ ਨੇਤਾ ਸਕਾਟ ਮੌਰੀਸਨ ਦਾ ਕੰਜ਼ਰਵੇਟਿਵ ਗਠਜੋੜ 77 ਸੀਟਾਂ ਉੱਤੇ ਅੱਗੇ ਹੈ। 151 ਮੈਂਬਰੀ ਬਹੁਮਤ ਲਈ 76 ਸੀਟਾਂ ਦੀ ਲੋੜ ਹੁੰਦੀ ਹੈ।

# ਬੈਂਕ ਖਾਤਿਆਂ ਵਿੱਚ ਸ਼ੱਕੀ ਲੈਣ-ਦੇਣ ਤੋਂ ਫਸ ਸਕਦੇ ਹਨ ਟਰੰਪ

ਵਾਸ਼ਿੰਗਟਨ, 21 ਮਈ (ਪੋਸਟ ਬਿਊਰੋ)- ਡਿਊਸ਼ ਬੈਂਕ ਦੇ ਮਨੀ ਲਾਂਡਰਿੰਗ ਵਿਰੋਧੀ ਮਾਹਰਾਂ ਨੇ 2016 ਅਤੇ 2017 ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੇ ਜਵਾਈ ਜੇਰੇਡ ਕੁਸ਼ਨਰ ਦੇ ਕੰਟਰੋਲ ਵਾਲੀਆਂ ਕੰਪਨੀਆਂ ਦੇ ਬੈਂਕ ਖਾਤਿਆਂ 'ਚੋਂ ਹੋਏ ਕਈ ਲੈਣ-ਦੇਣ ਦੀ ਫੈਡਰਲ ਵਿੱਤੀ ਅਪਰਾਧ ਇਕਾਈ ਨੂੰ ਸ਼ਿਕਾਇਤ ਕਰਨ ਦੀ ਸਿਫਾਰਸ਼ ਕੀਤੀ ਸੀ, ਪ੍ਰੰਤੂ ਬੈਂਕ ਦੇ ਸੀਨੀਅਰ ਅਧਿਕਾਰੀਆਂ ਨੇ ਉਨ੍ਹਾਂ ਦੀ ਸ਼ਿਕਾਇਤ 'ਤੇ ਕੋਈ ਕਾਰਵਾਈ ਨਹੀਂ ਕੀਤੀ। ਇਸ ਮਾਮਲੇ ਨੂੰ ਲੈ ਕੇ ਟਰੰਪ ਨਵੀਂ ਮੁਸੀਬਤ ਵਿੱਚ ਫਸ ਸਕਦੇ ਹਨ।



ਜਰਮਨੀ ਦੇ ਡਿਊਸ਼ ਬੈਂਕ ਦੇ ਮੌਜੂਦਾ ਅਤੇ ਸਾਬਕਾ ਕਰਮਚਾਰੀਆਂ ਦੇ ਅਨੁਸਾਰ ਗੈਰ ਕਾਨੂੰਨੀ ਸਰਗਰਮੀਆਂ ਦਾ ਪਤਾ ਲਗਾਉਣ ਵਾਲੇ ਕੰਪਿਊਟਰ ਸਿਸਟਮ ਨੇ ਇਸ ਸੰਬੰਧ ਵਿੱਚ ਅਲਰਟ ਕੀਤਾ ਸੀ। ਇਸ ਦੇ ਬਾਅਦ ਬੈਂਕ ਸਟਾਫ ਨੇ ਇਨ੍ਹਾਂ ਸ਼ੱਕੀ ਗਤੀਵਿਧੀਆਂ ਦੀ ਸਮੀਖਿਆ ਕੀਤੀ ਅਤੇ ਉਨ੍ਹਾਂ ਦਾ ਇਹ ਮੰਨਣਾ ਸੀ ਕਿ ਵਿੱਤੀ ਅਪਰਾਧ ਦੇ ਮਾਮਲਿਆਂ ਦੀ ਵਿਵਸਥਾ ਕਰਨ ਵਾਲੀਆਂ ਕੋਸ਼ਾਗਾਰ ਵਿਭਾਗ ਦੀ ਇਕਾਈ ਦੇ ਕੋਲ ਇਨ੍ਹਾਂ ਨੂੰ ਭੇਜਿਆ ਜਾਣਾ ਚਾਹੀਦਾ ਹੈ, ਪਰੰਤੂ ਡਿਊਸ਼ ਬੈਂਕ ਦੇ ਕਾਰਜਕਾਰੀ ਅਧਿਕਾਰੀਆਂ ਨੇ ਆਪਣੇ ਕਰਮਚਾਰੀਆਂ ਦੀ ਸਲਾਹ ਨੂੰ ਠੁਕਰਾ ਦਿੱਤਾ। ਇਸ ਦੀ ਸਰਕਾਰ ਕੋਲ ਕਦੇ ਸ਼ਿਕਾਇਤ ਨਹੀਂ ਕੀਤੀ ਗਈ। ਇਸ ਬੈਂਕ ਨੇ ਟਰੰਪ ਅਤੇ ਕੁਸ਼ਨਰ ਦੀਆਂ ਕੰਪਨੀਆਂ ਨੂੰ ਅਰਬਾਂ ਡਾਲਰ ਦਾ ਕਰਜ਼ਾ ਦਿੱਤਾ ਹੈ। ਇਹ ਹਾਲਾਂਕਿ ਸਾਫ ਨਹੀਂ ਹੋ ਸਕਿਆ ਹੈ ਕਿ ਕਿਸ ਤਰ੍ਹਾਂ ਦਾ ਲੈਣ-ਦੇਣ ਹੋਇਆ ਸੀ, ਪਰੰਤੂ ਬੈਂਕ ਕਰਮਚਾਰੀਆਂ ਨੇ ਵਿਦੇਸ਼ੀ ਕੰਪਨੀਆਂ ਅਤੇ ਵਿਅਕਤੀਆਂ ਦੇ ਨਾਲ ਕੀਤੇ ਗਏ ਕੁਝ ਲੈਣ-ਦੇਣ ਨੂੰ ਸ਼ੱਕੀ ਮੰਨਿਆ ਸੀ। ਸਾਬਕਾ ਕਰਮਚਾਰੀਆਂ ਦਾ ਮੰਨਣਾ ਹੈ ਕਿ ਟਰੰਪ ਅਤੇ ਕੁਸ਼ਨਰ ਦੇ ਬੈਂਕ ਲੈਣ-ਦੇਣ ਦੀ ਸ਼ਿਕਾਇਤ ਨਾ ਕਰਨ ਦਾ ਫੈਸਲਾ ਮਨੀ ਲਾਂਡਰਿੰਗ ਮਾਮਲੇ ਵਿੱਚ ਬੈਂਕ ਦੇ ਢਿੱਲੇ ਰਵੱਈਏ ਨੂੰ ਦਰਸਾਉਂਦਾ ਹੈ। ਡਿਊਸ਼ ਬੈਂਕ ਦੀ ਮਨੀ ਲਾਂਡਰਿੰਗ ਵਿਰੋਧੀ ਸਾਬਕਾ ਮਾਹਰ ਟੈਮੀ ਮੈਕਫੇਡੇਨ ਨੇ ਕਿਹਾ, ਮੈਨੂੰ ਪਿਛਲੇ ਸਾਲ ਇਸ ਲਈ ਕੱਢ ਦਿੱਤਾ ਗਿਆ ਸੀ ਕਿਉਂਕਿ ਮੈਂ ਬੈਂਕ ਦੇ ਰਵੱਈਏ 'ਤੇ ਚਿੰਤਾ ਪ੍ਰਗਟਾਈ ਸੀ।

## ਨਡਾਲ 9ਵੀਂ ਵਾਰ ਇਟਾਲੀਅਨ ਓਪਨ ਦਾ ਚੈਂਪੀਅਨ ਬਣਿਆ

ਰੋਮ, 21 ਮਈ (ਪੋਸਟ ਬਿਊਰੋ)- ਸਾਬਕਾ ਚੈਂਪੀਅਨ ਸਪੇਨ ਦੇ ਰਾਫੇਲ ਨਡਾਲ ਨੇ ਵਿਸ਼ਵ ਦੇ ਨੰਬਰ ਇੱਕ ਖਿਡਾਰੀ ਸਰਬੀਆ ਦੇ ਨੋਵਾਕ ਜੋਕੋਵਿਚ ਨੂੰ ਰੋਮਾਂਚਕ ਫਾਈਨਲ ਮੁਕਾਬਲੇ ਵਿੱਚ 6-0, 4-6, 6-1 ਨਾਲ ਹਰਾ ਕੇ ਕਰੀਅਰ ਵਿੱਚ 9ਵੀਂ ਵਾਰ ਇਟਾਲੀਅਨ ਓਪਨ ਟੈਨਿਸ ਟੂਰਨਾਮੈਂਟ ਦਾ ਖਿਤਾਬ ਆਪਣੇ ਨਾਂਅ ਕਰ ਲਿਆ ਹੈ। ਇਹ ਪਹਿਲਾ ਮੌਕਾ ਸੀ ਜਦੋਂ ਦੋਵੇਂ ਖਿਡਾਰੀਆਂ ਵਿਚਾਲੇ ਪਹਿਲਾ ਸੈਟ 6-0 'ਤੇ ਖਤਮ ਹੋਇਆ, ਜਿਸ ਨੂੰ ਸਪੈਨਿਸ਼ ਖਿਡਾਰੀ ਨੇ ਜਿੱਤਿਆ। ਦੂਜੇ ਸੈਟ ਵਿੱਚ ਜੋਕੋਵਿਚ ਨੇ ਜ਼ਬਰਦਸਤ ਵਾਪਸੀ ਕਰ ਲਈ ਅਤੇ ਨਡਾਲ ਦੀ ਸਰਵਿਸ ਬਰੇਕ ਕਰਦੇ ਹੋਏ ਸਕੋਰ 5-4 ਪਹੁੰਚਾ ਦਿੱਤਾ। ਸਰਬੀਆਈ ਖਿਡਾਰੀ ਨੇ ਫਿਰ 6-4 ਨਾਲ ਸੈੱਟ ਜਿੱਤਿਆ ਤੇ ਮੁਕਾਬਲਾ 1-1 ਦੀ ਬਰਾਬਰੀ 'ਤੇ ਆ ਗਿਆ। ਵਿਸ਼ਵ ਦੇ ਦੂਜੇ ਨੰਬਰ ਦੇ ਖਿਡਾਰੀ ਨੇ ਵਾਪਸੀ ਕੀਤੀ ਤੇ ਫੈਸਲਾਕੁੰਨ ਸੈਟ ਜਿੱਤ ਕੇ ਖਿਤਾਬ ਆਪਣੇ ਨਾਂਅ ਕਰ ਲਿਆ।

# ਗੂਗਲ ਤੇ ਐਂਡਰਾਇਡ ਨੇ ਹੁਆਵੇ ਕੰਪਨੀ ਨਾਲੋਂ ਰਿਸ਼ਤਾ ਤੋੜਿਆ

ਸਾਨ ਫਰਾਂਸਿਸਕੋ, 21 ਮਈ (ਪੋਸਟ ਬਿਊਰੋ)- ਦੁਨੀਆ ਦੀਆਂ ਸਭ ਤੋਂ ਵੱਡੀਆਂ ਟੈਕਨਾਲੋਜੀ ਕੰਪਨੀਆਂ ਵਿੱਚੋਂ ਇਕ ਗੂਗਲ ਤੇ ਉਸ ਦੀ ਸਹਿਯੋਗੀ ਐਂਡਰਾਇਡ ਨੇ ਹੁਆਵੇ ਨਾਲ ਰਿਸ਼ਤੇ ਤੋੜਨ ਦੀ ਸ਼ੁਰੂਆਤ ਕਰ ਦਿੱਤੀ ਹੈ।




ਵਰਨਣ ਯੋਗ ਹੈ ਕਿ ਅਮਰੀਕਾ ਨੇ ਚੀਨ ਦੀ ਸਭ ਤੋਂ ਵੱਡੀ ਟੈਕਨਾਲੋਜੀ ਕੰਪਨੀ ਹੁਆਵੇ ਨੂੰ ਪਿਛਲੇ ਦਿਨੀਂ ਬਲੈਕ ਲਿਸਟ ਕਰ ਦਿੱਤਾ ਸੀ। ਇਸ ਦੇ ਬਾਅਦ ਗੂਗਲ ਨੇ ਹੁਆਵੇ ਦਾ ਐਂਡਰਾਇਡ ਲਾਇਸੈਂਸ ਰੱਦ ਕਰ ਦਿੱਤਾ ਹੈ। ਇਸ ਨਾਲ ਦੁਨੀਆ ਭਰ 'ਚ ਅੱਗੇ ਤੋਂ ਹੁਆਵੇ ਦੇ ਸਮਾਰਟਫੋਨ ਉੱਤੇ ਜੀਮੇਲ ਤੇ ਗੂਗਲ ਮੈਪਸ ਆਦਿ ਸਹੂਲਤਾਂ ਨਹੀਂ ਮਿਲਣਗੀਆਂ। ਨਵੇਂ ਫੈਸਲੇ ਨਾਲ ਗੂਗਲ ਕਦੇ ਵੀ ਹੁਆਵੇ ਨੂੰ ਹਾਰਡਵੇਅਰ ਦਾ ਟਰਾਂਸਫਰ, ਸਾਫਟਵੇਅਰ ਤੇ ਟੈਕਨੀਕਲ ਸਰਵਿਸਿਜ਼ ਨਹੀਂ ਦੇਵੇਗੀ। ਇਸ ਦੌਰਾਨ ਹੁਆਵੇ ਨੂੰ ਚਿੱਪ ਤੇ ਹੋਰ ਹਾਰਡਵੇਅਰ ਸਪਲਾਈ ਕਰਨ ਵਾਲੀਆਂ ਅਮਰੀਕੀ ਕੰਪਨੀਆਂ ਇੰਟੇਲ, ਕਵਾਲਕਾਮ ਤੇ ਬਾਰਡਕਾਮ ਨੇ ਵੀ ਇਹ ਕਹਿ ਦਿੱਤਾ ਹੈ ਕਿ ਉਹ ਅਗਲੇ ਹੁਕਮ ਤੱਕ ਚੀਨੀ ਕੰਪਨੀ ਨੂੰ ਆਪਣੇ ਪ੍ਰੋਡਕਟ ਨਹੀਂ ਦੇਣਗੀਆਂ। ਇਸ ਸਮੇਂ ਹੁਆਵੇ ਵੱਲੋਂ ਬਣਾਏ ਅੱਧੇ ਤੋਂ ਵੱਧ ਫੋਨ ਐਕਸਪੋਰਟ ਹੁੰਦੇ ਹਨ। ਪਿਛਲੇ ਦਿਨੀਂ ਜਦੋਂ ਅਮਰੀਕਾ ਨੇ ਹੁਆਵੇ ਨੂੰ ਬਲੈਕ ਲਿਸਟ 'ਚ ਪਾਇਆ ਤਾਂ ਚੀਨ ਨੇ ਇਸ 'ਤੇ ਤਿੱਖੀ ਪ੍ਰਤੀਕਿਰਿਆ ਜ਼ਾਹਰ ਕੀਤੀ ਸੀ। ਅਮਰੀਕਾ ਦੇ ਵਪਾਰ ਮੰਤਰਾਲੇ ਨੇ ਬਾਅਦ 'ਚ ਇਹ ਵੀ ਕਿਹਾ ਸੀ ਕਿ ਸਰਕਾਰ ਚੀਨੀ ਕੰਪਨੀ ਨੂੰ ਕੁਝ ਢਿੱਲ ਦੇ ਸਕਦੀ ਹੈ ਤਾਂ ਕਿ ਉਹ ਅਮਰੀਕਾ 'ਚ ਮੌਜੂਦਾ ਗਾਹਕਾਂ ਦੀ ਸੇਵਾ ਕਾਇਮ ਰੱਖ ਪਾਉਣ।

## ਯੂਨੀਵਰਸਿਟੀ ਨੇ ਆਈ ਐਸ ਤੋਂ ਟ੍ਰੇਨਿੰਗ ਲੈ ਚੁੱਕੀ ਵਿਦਿਆਰਥਣ ਨੂੰ ਬਾਹਰ ਕੱਢਿਆ

ਲਾਹੌਰ, 21 ਮਈ (ਪੋਸਟ ਬਿਊਰੋ)- ਪਾਕਿਸਤਾਨ ਦੀ ਸਿੰਧ ਯੂਨੀਵਰਸਿਟੀ ਨੇ ਸੀਰੀਆ ਵਿੱਚ ਇਸਲਾਮੀ ਸਟੇਟ (ਆਈ ਐਸ) ਤੋਂ ਹਥਿਆਰਾਂ ਦੀ ਸਿਖਲਾਈ ਲੈ ਚੁੱਕੀ ਇਕ 22 ਸਾਲਾ ਕੁੜੀ ਦਾ ਦਾਖਲਾ ਰੱਦ ਕਰ ਦਿੱਤਾ ਹੈ।

ਇਸ ਸੰਬੰਧ ਵਿੱਚ ਦੱਸਿਆ ਗਿਆ ਹੈ ਕਿ ਸੂਬਾ ਸਿੰਧ 'ਚ ਲਿਆਕਤ ਯੂਨੀਵਰਸਿਟੀ ਆਫ ਮੈਡੀਕਲ ਅਤੇ ਹੈਲਥ ਸਾਇੰਸਜ਼ ਵਿੱਚ ਦੂਜੇ ਵਰ੍ਹੇ ਦੀ ਵਿਦਿਆਰਥਣ ਨੌਰੀਨ ਲੇਘਾਰੀ ਫਰਵਰੀ 2017 ਵਿੱਚ ਆਪਣੇ ਜੱਦੀ ਸ਼ਹਿਰ ਹੁਸੈਨਾਬਾਦ ਤੋਂ ਅਚਾਨਕ ਲਾਪਤਾ ਹੋ ਗਈ ਸੀ। ਦੋ ਮਹੀਨੇ ਬਾਅਦ ਉਸ ਨੂੰ ਲਾਹੌਰ 'ਚ ਸੁਰੱਖਿਆ ਦਸਤਿਆਂ ਨਾਲ ਮੁਕਾਬਲੇ ਦੌਰਾਨ ਗ੍ਰਿਫਤਾਰ ਕੀਤਾ ਗਿਆ, ਜਦ ਕਿ ਉਕਤ ਮੁਕਾਬਲੇ 'ਚ ਉਸ ਦਾ ਇਕ ਸਾਥੀ ਮਾਰਿਆ ਗਿਆ ਸੀ। ਉਸ ਦੀ ਗ੍ਰਿਫਤਾਰੀ ਦੇ ਬਾਅਦ ਲਿਆਕਤ ਯੂਨੀਵਰਸਿਟੀ ਨੇ ਉਸ ਦਾ ਦਾਖਲਾ ਰੱਦ ਕਰ ਦਿੱਤਾ। ਜੇਲ੍ਹ 'ਚੋਂ ਰਿਹਾਅ ਹੋਣ ਉਪਰੰਤ ਉਸ ਨੇ ਨਵੰਬਰ 2018 ਵਿੱਚ ਸਿੰਧ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ 'ਚ ਦਾਖਲਾ ਲੈ ਲਿਆ, ਪਰ ਜਦੋਂ ਯੂਨੀਵਰਸਿਟੀ ਨੂੰ ਉਸ ਦੇ ਪਿਛੋਕੜ ਬਾਰੇ ਪਤਾ ਲੱਗਾ ਤਾਂ ਉਸ ਨੇ ਨੌਰੀਨ ਲੇਘਾਰੀ ਦਾ ਦਾਖਲਾ ਰੱਦ ਕਰ ਦਿੱਤਾ। ਸਮਝਿਆ ਜਾਂਦਾ ਹੈ ਕਿ ਉਸ ਦੇ ਪਿਤਾ ਡਾ. ਅਬਦੁਲ ਜੱਬਾਰ ਲੇਘਾਰੀ ਖੁਦ ਵੀ ਡਾ. ਐਮ ਏ ਕਾਜ਼ੀ ਇੰਸਟੀਚਿਊਟ ਆਫ ਕੈਮਿਸਟਰੀ 'ਚ ਪ੍ਰੋਫੈਸਰ ਹਨ। ਨੌਰੀਨ ਤੇ ਉਸ ਦੇ ਪਿਤਾ ਨੇ ਸਿੰਧ ਯੂਨੀਵਰਸਿਟੀ ਦੇ ਖਿਲਾਫ ਸਿੰਧ ਹਾਈ ਕੋਰਟ 'ਚ ਇਕ ਸੰਵਿਧਾਨਕ ਪਟੀਸ਼ਨ ਦਾਇਰ ਕਰ ਕੇ ਦਲੀਲ ਦਿੱਤੀ ਹੈ ਕਿ ਕਾਨੂੰਨ ਦੇ ਮੁਤਾਬਕ ਯੂਨੀਵਰਸਿਟੀ ਉਸ ਨੂੰ ਸਿੱਖਿਆ ਦੇ ਅਧਿਕਾਰ ਤੋਂ ਵਾਂਝਾਂ ਨਹੀਂ ਕਰ ਸਕਦੀ। ਵਾਈਸ ਚਾਂਸਲਰ ਫਤਿਹ ਬੁਰਫਤ ਦਾ ਕਹਿਣਾ ਹੈ ਕਿ ਯੂਨੀਵਰਸਿਟੀ ਪ੍ਰਬੰਧ ਕਾਨੂੰਨ ਇਮੀਗਰੇਸ਼ਨ ਏਜੰਸੀਆਂ ਵੱਲੋਂ ਇਸ ਬਾਰੇ ਹੁਕਮ ਮਿਲਣ ਉੱਤੇ ਹੀ ਆਪਣਾ ਫੈਸਲਾ ਬਦਲੇਗਾ।

# ਵੀਡੀਓ ਸਕੈਂਡਲ ਪਿੱਛੋਂ ਸੱਜੇ ਪੱਖੀ ਫਰੀਡਮ ਪਾਰਟੀ ਦੇ ਮੰਤਰੀਆਂ ਦਾ ਅਸਤੀਫਾ

ਵਿਆਨਾ, 21 ਮਈ (ਪੋਸਟ ਬਿਊਰੋ)- ਆਸਟਰੀਆ ਵਿੱਚ ਵੀਡੀਓ ਫੁਟੇਜ ਵਿੱਚ ਹੋਏ ਗੰਭੀਰ ਖੁਲਾਸੇ ਪਿੱਛੋਂ ਸੱਜੇ ਪੱਖੀ ਫ੍ਰੀਡਮ ਪਾਰਟੀ ਦੇ ਸਾਰੇ ਮੰਤਰੀਆਂ ਨੇ ਕੱਲ੍ਹ ਅਸਤੀਫਾ ਦੇ ਦਿੱਤਾ। ਇਸੇ ਕਾਰਨ ਆਸਟਰੀਆ ਦੇ ਵਾਈਸ ਚਾਂਸਲਰ ਹੇਂਜ ਕਿਸ਼ਚਨ ਸਟ੍ਰੈਚ ਨੇ ਆਪਣੇ ਅਹੁਦੇ ਤੋਂ ਸ਼ੁੱਕਰਵਾਰ ਅਸਤੀਫਾ ਦੇ ਦਿੱਤਾ ਸੀ।




ਵਰਨਣ ਯੋਗ ਹੈ ਕਿ ਗੁਪਤ ਵੀਡੀਓ ਫੁਟੇਜ ਵਿੱਚ ਕਿਸ਼ਚਨ ਸਟ੍ਰੈਚ ਭ੍ਰਿਸ਼ਟਾਚਾਰ ਦੇ ਦੋਸ਼ੀ ਨਿਕਲਦੇ ਸਨ। ਇਸ ਵੀਡੀਓ ਵਿੱਚ ਇਕ ਮੁਹਿੰਮ ਦਾ ਸਮਰਥਨ ਕਰਨ ਬਦਲੇ ਸਟ੍ਰੈਚ ਨੂੰ ਇਕ ਰੂਸੀ ਨਿਵੇਸ਼ਕ ਨਾਲ ਸਰਕਾਰੀ ਕਾਂਟਰੈਕਟ ਬਾਰੇ ਚਰਚਾ ਕਰਦੇ ਦੇਖਿਆ ਗਿਆ। ਉਹ ਫ੍ਰੀਡਮ ਪਾਰਟੀ ਲਈ ਸੰਭਾਵਿਤ ਗੈਰ-ਕਾਨੂੰਨੀ ਵਿਦੇਸ਼ੀ ਚੰਦੇ ਦੀ ਚਰਚਾ ਕਰਦੇ ਹੋਏ ਵੀ ਦਿਖਾਏ ਦਿੱਤੇ। ਵਾਈਸ-ਚਾਂਸਲਰ ਦੇ ਅਸਤੀਫੇ ਪਿੱਛੋਂ ਉਨ੍ਹਾਂ ਕਿਹਾ ਕਿ ਟਰਾਂਸਪੋਰਟ ਮੰਤਰੀ ਨਾਬਰਟ ਹੋਫਰ ਉਨ੍ਹਾਂ ਦੀ ਥਾਂ ਲੈਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਕੰਮ ਮੂਰਖਤਾ ਪੂਰਨ ਤੇ ਗੈਰ-ਜ਼ਿੰਮੇਦਾਰਾਨਾ ਸੀ ਤੇ ਉਹ ਸਰਕਾਰ ਨੂੰ ਹੋਰ ਨੁਕਸਾਨ ਤੋਂ ਬਚਾਉਣ ਲਈ ਅਹੁਦਾ ਛੱਡ ਰਹੇ ਹਨ।

ਇਸ ਵੀਡੀਓ ਵਿੱਚ ਇਕ ਔਰਤ ਆਸਟਰੀਆ ਦੇ ਕ੍ਰੋਨਨ-ਜ਼ਿੰਟੁਹ ਅਖਬਾਰ ਵਿੱਚ 50 ਫੀਸਦੀ ਹਿੱਸਾ ਖਰੀਦਣ ਤੇ ਫਿਰ ਉਸ ਦੀ ਸੰਪਾਦਕੀ ਲਾਈਨ ਨੂੰ ਫ੍ਰੀਡਮ ਪਾਰਟੀ ਲਈ ਬਦਲਣ ਦੀ ਪੇਸ਼ਕਸ਼ ਕਰਦੀ ਹੈ। ਸਟ੍ਰੈਚ ਨੇ ਇਸ ਮੀਟਿੰਗ ਵਿੱਚ ਕਈ ਅਜਿਹੇ ਪੱਤਰਕਾਰਾਂ ਦੇ ਨਾਂ ਲਏ, ਜਿਨ੍ਹਾਂ ਨੂੰ ਸਰਕਾਰ ਵਿਰੋਧੀ ਖਬਰਾਂ ਲਈ ਬਾਹਰ ਦਾ ਰਾਹ ਦੇਖਣਾ ਪਿਆ ਸੀ। ਫ੍ਰੀਡਮ ਪਾਰਟੀ ਦੇ ਨੇਤਾ ਹੇਂਜ ਕ੍ਰਿਸ਼ਚਨ ਸਟ੍ਰੈਚ ਨੇ ਕਿਹਾ ਕਿ ਉਹ ਆਸਟਰੀਆ ਦੇ ਗਵਰਨਿੰਗ ਗੱਠਜੋੜ ਨੂੰ ਤੋੜਨ ਦੇ ਟੀਚੇ ਨਾਲ ਇਕ ਸਿਆਸੀ ਹਿੱਟ-ਜੌਬ ਦੇ ਸ਼ਿਕਾਰ ਹੋਏ। ਉਨ੍ਹਾਂ ਨੇ ਮੰਨਿਆ ਕਿ ਵੀਡੀਓ ਵਿੱਚ ਉਨ੍ਹਾਂ ਦਾ ਵਿਹਾਰ ਗੈਰ-ਜ਼ਿੰਮੇਦਾਰਾਨਾ ਸੀ। 49 ਸਾਲਾ ਨੇਤਾ ਨੇ ਕਿਹਾ ਕਿ ਉਨ੍ਹਾਂ ਨੂੰ ਅਜੇ ਵੀ ਇਹ ਆਸ ਹੈ ਕਿ ਚਾਂਸਲਰ ਸੇਬੇਸਟੀਅਨ ਕੁਰਜ਼ ਦੀ ਆਸਟਰੀਆਈ ਪੀਪਲਸ ਪਾਰਟੀ ਨਾਲ ਉਨ੍ਹਾਂ ਦੀ ਗਠਜੋੜ ਸਰਕਾਰ ਚੱਲਦੀ ਰਹੇਗੀ।


FIRST CHOICE FINANCIAL LIMITED

TRUCK LOANS

ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact

Rajdeep: 647.707.4167

Office: 905.678.2424



MICHELIN | Hankook | Continental | ROADLUX | BFGoodrich | AEOLUS | COMPASAL



Chevron Delo

Special OIL CHANGE Rates

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ । ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ

SPECIAL ON TRUCK ALIGNMENT | BRAND NEW MACHINES 2018

Brake & Drum - On Special Sale! Made in U.S

Special Sale 4 CAT Batteries $550 with Installation

Special Sale on Smartway Approved Tires $245 each

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ

Spring Sale

1715 Sismet Rd, Mississauga | Call Ranjit: 416.624.8351 | Tel: 905.625.0055

# ਗੁਰਦੁਆਰਾ ਪ੍ਰਚਾਰਕ ਵੱਲੋਂ ਸਿਆਸੀ ਭਾਸ਼ਣ ਤੋਂ ਸ਼ਬਦੀ ਜੰਗ ਭਖੀ

ਸ੍ਰੀ ਗੋਇੰਦਵਾਲ ਸਾਹਿਬ, 21 ਮਈ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦਾ ਪ੍ਰਚਾਰਕ ਬੀਬੀ ਜਗੀਰ ਕੌਰ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਨਾਲ ਕਸੂਤਾ ਫਸਿਆ ਦਿਖਾਈ ਦੇ ਰਿਹਾ ਹੈ, ਜਿਸ ਦੀ ਸਿੱਖ ਸੰਗਤ ਵੱਲੋਂ ਵੀ ਨਿੰਦਾ ਕੀਤੀ ਜਾ ਰਹੀ ਹੈ।

ਹਲਕਾ ਖਡੂਰ ਸਾਹਿਬ ਤੋਂ ਅਕਾਲੀ-ਭਾਜਪਾ ਉਮੀਦਵਾਰ ਬੀਬੀ ਜਗੀਰ ਕੌਰ ਦੇ ਹੱਕ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਵੱਲੋਂ ਪਿੰਡ ਢੋਟੀਆ ਵਿੱਚ ਚੋਣ ਜਲਸੇ ਵਿੱਚ ਚੋਣ ਪ੍ਰਚਾਰ ਕਰਨ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਸਿੱਖ ਕੌਮ ਦੇ ਪ੍ਰਚਾਰਕਾਂ ਦੀ ਸੋਸ਼ਲ ਮੀਡੀਆ ਉੱਤੇ ਆਪਸੀ ਸ਼ਬਦੀ ਜੰਗ ਤੇਜ਼ ਹੋ ਗਈ ਹੈ। ਵਰਨਣ ਯੋਗ ਹੈ ਕਿ ਚੋਣ ਜਲਸੇ ਦੀ ਵੀਡੀਓ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਸਰਬਜੀਤ ਸਿੰਘ ਢੋਟੀ ਅਕਾਲੀ ਭਾਜਪਾ ਉਮੀਦਵਾਰ ਬੀਬੀ ਜਗੀਰ ਕੌਰ ਨੂੰ ਜਿਤਾਉਣ ਅਤੇ ਅਕਾਲੀ ਦਲ ਨੂੰ ਮਜ਼ਬੂਤ ਕਰਨ ਦੀ ਗੱਲ ਕਰਦੇ ਦਿਖਾਈ ਦੇ ਰਹੇ ਹਨ। ਇਸ ਸਬੰਧੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਇਹ ਮਾਮਲਾ ਭੱਖ ਗਿਆ ਹੈ। ਸ਼੍ਰੋਮਣੀ ਕਮੇਟੀ ਦਾ ਪ੍ਰਚਾਰਕ ਹੁੰਦੇ ਹੋਏ ਸਰਬਜੀਤ ਸਿੰਘ ਢੋਟੀ ਵੱਲੋਂ ਸਿਆਸੀ ਸਟੇਜ ਉਤੇ ਵੋਟਾਂ ਮੰਗਣ ਦੀ ਸਿੱਖ ਜਥੇਬੰਦੀਆਂ ਵੱਲੋਂ ਨਿੰਦਾ ਕੀਤੀ ਜਾ ਰਹੀ ਹੈ। ਇਸ ਚੋਣ ਜਲਸੇ ਦੌਰਾਨ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀ ਨੇ ਤੀਜੀ ਧਿਰ (ਬੀਬੀ ਪਰਮਜੀਤ ਕੌਰ ਖਾਲੜਾ) ਨੂੰ ਹਵਾ ਵਿੱਚ ਕਿਹਾ ਤਾਂ ਇਸ ਉੱਤੇ ਇਤਰਾਜ਼ ਚੁੱਕਦਿਆਂ ਸਿੱਖ ਕੌਮ ਦੇ ਵੱਖ-ਵੱਖ ਪ੍ਰਚਾਰਕਾਂ ਵੱਲੋਂ ਉਸ ਉਪਰ ਕਈ ਸਵਾਲ ਚੁੱਕੇ ਗਏ ਹਨ। ਪ੍ਰਸਿੱਧ ਕਥਾਵਾਚਕ ਸਰਬਜੀਤ ਸਿੰਘ ਧੂੰਦਾ ਨੇ ਵਿਦੇਸ਼ ਤੋਂ ਲਾਈਵ ਹੋ ਕੇ ਸਰਬਜੀਤ ਸਿੰਘ ਢੋਟੀ ਵੱਲੋਂ ਬੀਬੀ ਜਗੀਰ ਸਿੰਘ ਲਈ ਵੋਟਾਂ ਮੰਗਣ ਤੇ ਤੀਜੀ ਧਿਰ ਨੂੰ ਹਵਾ ਵਿੱਚ ਕਹਿਣ 'ਤੇ ਲਾਹਣਤਾਂ ਪਾਉਣ ਵਰਗੇ ਸ਼ਬਦਾਂ ਦੀ ਵਰਤੋਂ ਕੀਤੀ ਹੈ। ਜਵਾਬ ਵਿੱਚ ਪ੍ਰਚਾਰਕ ਸਰਬਜੀਤ ਸਿੰਘ ਢੋਟੀ ਨੇ ਆਪਣੇ ਫੇਸਬੁੱਕ ਪੇਜ 'ਤੇ ਲਾਈਵ ਹੋ ਕੇ ਪ੍ਰਚਾਰਕ ਸਰਬਜੀਤ ਸਿੰਘ ਧੂੰਦਾ ਨੂੰ ਗਲਤ ਜਗ੍ਹਾ ਪੰਗਾ ਲੈਣ ਦੀ ਗੱਲ ਕਹਿ ਕੇ ਵੰਗਾਰਿਆ ਹੈ। ਇਸ ਬਾਰੇ ਉਨ੍ਹਾਂ ਸਪੱਸ਼ਟੀਕਰਨ ਦਿੰਦਿਆਂ ਕਿਹਾ ਕਿ ਉਹ ਪਿੰਡ ਪੱਧਰ 'ਤੇ ਕਿਸੇ ਪਾਰਟੀ ਨਾਲ ਜੁੜੇ ਹੋ ਸਕਦੇ ਹਨ ਤੇ ਉਨ੍ਹਾਂ ਨੇ ਬੀਬੀ ਜਗੀਰ ਕੌਰ ਦੇ ਹੱਕ ਵਿੱਚ ਪ੍ਰਚਾਰ ਕਰਕੇ ਕੋਈ ਗਲਤ ਨਹੀਂ ਕੀਤਾ। ਇਸ ਤਰ੍ਹਾਂ ਇਨ੍ਹਾਂ ਪ੍ਰਚਾਰਕਾਂ ਵਿੱਚ ਸੋਸ਼ਲ ਮੀਡੀਆ 'ਤੇ ਸ਼ਬਦੀ ਜੰਗ ਤੇਜ਼ ਹੋ ਗਈ ਹੈ। ਸਿੱਖ ਜਥੇਬੰਦੀਆਂ ਨੇ ਸਰਬਜੀਤ ਸਿੰਘ ਢੋਟੀ ਵੱਲੋਂ ਸਿਆਸੀ ਤਕਰੀਰਾਂ ਕੀਤੇ ਜਾਣ ਦੀ ਆਲੋਚਨਾ ਕਰਦਿਆਂ ਇਸ ਮਾਮਲੇ ਨੂੰ ਮੰਦਭਾਗਾ ਦੱਸਿਆ ਹੈ।

# ਸਿਆਸੀ ਦਲ ਜੋ ਮਰਜ਼ੀ ਕਹਿਣ, ਸਰਜੀਕਲ ਸਟ੍ਰਾਈਕ 2016 ਤੋਂ ਪਹਿਲਾਂ ਕਦੇ ਨਹੀਂ ਹੋਈ: ਫੌਜੀ ਕਮਾਂਡਰ



ਊਧਮਪੁਰ, 21 ਮਈ (ਪੋਸਟ ਬਿਊਰੋ)- ਭਾਰਤ ਦੀ ਫੌਜ ਦੇ ਉਤਰੀ ਕਮਾਨ ਦੇ ਜਨਰਲ ਅਫਸਰ ਕਮਾਂਡਿੰਗ-ਇਨ-ਚੀਫ ਲੈਫਟੀਨੈਂਟ ਜਨਰਲ ਰਣਬੀਰ ਸਿੰਘ ਨੇ ਸਰਜੀਕਲ ਸਟਰਾਈਕ ਬਾਰੇ ਨਵਾਂ ਖੁਲਾਸਾ ਕੀਤਾ ਹੈ। ਉਨ੍ਹਾਂ ਕਿਹਾ ਕਿ ਕੁਝ ਦਿਨ ਪਹਿਲਾਂ ਡੀ ਜੀ ਐੱਮ ਓ (ਡਾਇਰੈਕਟਰ ਜਨਰਲ ਮਿਲਟਰੀ ਆਪਰੇਸ਼ਨਜ਼) ਨੇ ਆਰ ਟੀ ਆਈ ਦੇ ਜਵਾਬ ਵਿੱਚ ਕਿਹਾ ਸੀ ਕਿ ਸਤੰਬਰ 2016 ਵਿੱਚ ਇੱਕੋ ਸਰਜੀਕਲ ਸਟਰਾਈਕ ਹੋਈ ਹੈ। ਅਸੀਂ ਜੋ ਕਹਿੰਦੇ ਹਾਂ, ਉਹ ਸਿਰਫ ਉਹੀ ਸੱਚਾਈ ਹੈ। ਸਿਆਸੀ ਪਾਰਟੀਆਂ ਕੁਝ ਵੀ ਕਹਿਣ, ਉਨ੍ਹਾਂ ਨੂੰ ਸਰਕਾਰ ਜਵਾਬ ਦੇਵੇਗੀ। ਚੋਣ ਪ੍ਰਚਾਰ ਦੌਰਾਨ ਕਾਂਗਰਸ ਨੇਤਾ ਰਾਜੀਵ ਸ਼ੁਕਲਾ ਨੇ ਦਾਅਵਾ ਕੀਤਾ ਸੀ ਕਿ ਯੂ ਪੀ ਏ ਰਾਜ ਵਿੱਚ ਛੇ ਵਾਰ ਸਰਜੀਕਲ ਸਟਰਾਈਕ ਹੋਈ ਸੀ।

ਲੈਫਟੀਨੈਂਟ ਜਨਰਲ ਰਣਬੀਰ ਸਿੰਘ ਨੇ ਕਿਹਾ ਕਿ ਬਾਲਾਕੋਟ ਵਿੱਚ ਅੱਤਵਾਦੀਆਂ ਉੱਤੇ ਹਵਾਈ ਹਮਲਾ ਭਾਰਤੀ ਹਵਾਈ ਫੌਜ ਦੀ ਇੱਕ ਵੱਡੀ ਪ੍ਰਾਪਤੀ ਸੀ, ਜਿਸ ਵਿੱਚ ਸਾਡੇ ਜਹਾਜ਼ ਦੁਸ਼ਮਣ ਦੇ ਇਲਾਕੇ ਵਿੱਚ ਕਾਫੀ ਅੰਦਰ ਤੱਕ ਗਏ ਅਤੇ ਅੱਤਵਾਦੀ ਲਾਂਚਪੈਡ ਵਿੱਚ ਦਾਖਲ ਹੋਏ। ਪਾਕਿਸਤਾਨੀਆਂ ਨੇ ਅਗਲੇ ਦਿਨ ਹਵਾਈ ਕਾਰਵਾਈ ਕੀਤੀ, ਉਨ੍ਹਾਂ ਨੂੰ ਮੂੰਹ ਤੋੜ ਜਵਾਬ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਇਸ ਸਾਲ ਸਾਡੇ ਜਵਾਨਾਂ ਨੇ 86 ਅੱਤਵਾਦੀਆਂ ਨੂੰ ਮਾਰ ਦਿੱਤਾ ਅਤੇ ਕਰੀਬ 20 ਨੂੰ ਗ੍ਰਿਫਤਾਰ ਕੀਤਾ ਹੈ। ਰਣਬੀਰ ਸਿੰਘ ਨੇ ਜੰਮੂ-ਕਸ਼ਮੀਰ ਵਿੱਚ ਸੁਰੱਖਿਆ ਸਥਿਤੀ ਨੂੰ ਕੰਟਰੋਲ ਵਿੱਚ ਦੱਸਦੇ ਹੋਏ ਕਿਹਾ ਕਿ ਪਾਕਿਸਤਾਨ ਕਸ਼ਮੀਰ ਵਾਦੀ ਵਿੱਚ ਅੱਤਵਾਦੀਆਂ ਦੀ ਘੁਸਪੈਠ ਕਰਵਾਉਣ ਅਤੇ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਨੂੰ ਉਤਸ਼ਾਹ ਦੇਣ ਦਾ ਯਤਨ ਕਰਦੇ ਹੋਏ ਕੰਟਰੋਲ ਰੇਖਾ (ਐਲ ਓ ਸੀ) ਦੇ ਕੋਲ ਭਾਰਤ ਵਿਰੋਧੀ ਸਰਗਰਮੀਆਂ ਜਾਰੀ ਰੱਖ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਤਵਾਦੀਆਂ ਵਿਰੁੱਧ ਮੁਹਿੰਮ ਜਾਰੀ ਰਹੇਗੀ। ਜੰਮੂ-ਕਸ਼ਮੀਰ ਵਿੱਚ ਸੁਰੱਖਿਆ ਸਥਿਤੀ ਕੰਟਰੋਲ ਵਿੱਚ ਹੈ।

# ਨਸ਼ਾ ਕਰਨੋਂ ਰੋਕਿਆ ਤਾਂ ਡਾਕਟਰ ਨੇ ਪਤਨੀ ਦਾ ਹੱਥ ਤੇ ਨੱਕ ਦੰਦਾਂ ਨਾਲ ਵੱਢ ਦਿੱਤੇ

ਬਠਿੰਡਾ, 21 ਮਈ (ਪੋਸਟ ਬਿਊਰੋ)- ਇੱਕ ਡਾਕਟਰ ਨੇ ਨਸ਼ਾ ਕਰਨ ਤੋਂ ਰੋਕਣ 'ਤੇ ਟੀਚਰ ਪਤਨੀ ਨੂੰ ਨਾ ਕੇਵਲ ਬੁਰੀ ਤਰ੍ਹਾਂ ਕੁੱਟਿਆ, ਸਗੋਂ ਜਾਨਵਰਾਂ ਵਾਂਗ ਉਸ ਨੂੰ ਦੋ ਜਗ੍ਹਾ ਤੋਂ ਨੋਚ ਦਿੱਤਾ। ਪਹਿਲਾਂ ਉਸ ਦੇ ਹੱਥ ਵਿੱਚ ਦੰਦ ਨਾਲ ਵੱਢਿਆ ਅਤੇ ਉਸਦੇ ਬਾਅਦ ਨੱਕ ਨੂੰ ਹੋ ਨੋਚ ਦਿੱਤਾ। ਇਸ ਦੇ ਬਾਅਦ ਚਾਕੂ ਨਾਲ ਮਾਰਨ ਦੀ ਕੋਸ਼ਿਸ਼ ਵੀ ਕੀਤੀ। ਲੋਕਾਂ ਨੇ ਆ ਕੇ ਬਚਾਇਆ। ਦੋਸ਼ੀ ਪਤਨੀ ਨੂੰ ਹਸਪਤਾਲ ਲੈ ਜਾਣ ਦੇ ਬਹਾਨੇ ਕਾਰ ਵਿੱਚ ਬਿਠਾ ਕੇ ਮਾਡਲ ਟਾਊਨ ਫੇਸ-ਤਿੰਨ ਵਿੱਚ ਛੱਡ ਕੇ ਭੱਜ ਗਿਆ। ਪੁਲਸ ਨੇ ਜ਼ਖਮੀ ਔਰਤ ਨੂੰ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਾਇਆ ਅਤੇ ਉਸ ਦੇ ਬਿਆਨ ਦਰਜ ਕਰ ਕੇ ਮਾਮਲੇ ਵਿੱਚ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਔਰਤ ਦੀ ਪਛਾਣ ਸ਼ੀਤਲ ਜੋਸ਼ੀ ਪਤਨੀ ਡਾਕਟਰ ਅਮਨਦੀਪ ਮਿੱਤਲ ਵਾਸੀ ਅਗਰਵਾਲ ਕਲੋਨੀ ਦੇ ਤੌਰ 'ਤੇ ਹੋਈ ਹੈ।

ਸ਼ੀਤਲ ਦੋਸ਼ੀ ਨੇ ਦੱਸਿਆ ਕਿ ਉਸ ਦਾ ਇਹ ਦੂਸਰਾ ਵਿਆਹ ਹੈ ਤੇ ਉਸ ਦੇ ਪਤੀ ਦੀ ਤੀਸਰਾ। ਉਸ ਦੇ ਪਤੀ ਦਾ ਡੀ ਏ ਵੀ ਕਾਲਜ ਦੇ ਨੇੜੇ ਨਰਸਿੰਗ ਹੋਮ ਹੈ ਤੇ ਉਹ ਨਸ਼ੇ ਦੀ ਆਦੀ ਹੈ। ਉਹ ਉਸ ਨੂੰ ਨਸ਼ਾ ਕਰਨ ਤੋਂ ਰੋਕਦੀ ਹੈ ਅਤੇ ਐਤਵਾਰ ਰਾਤ ਵੀ ਉਸ ਨੇ ਪਤੀ ਨੂੰ ਨਸ਼ਾ ਕਰਨ ਤੋਂ ਰੋਕਿਆ ਸੀ। ਪੀੜਤਾ ਨੇ ਦੱਸਿਆ ਕਿ ਕੱਲ੍ਹ ਦੁਪਹਿਰ ਦੋਸ਼ੀ ਨੇ ਪਹਿਲਾਂ ਉਸ ਦੇ ਪਟ 'ਤੇ ਦੰਦ ਨਾਲ ਕੱਟਿਆ, ਜਦ ਉਸ ਨੇ ਰੋਕਿਆ ਤਾਂ ਉਸ ਨੇ ਉਸ ਦੇ ਹੱਥ 'ਤੇ ਦੰਦ ਨਾਲ ਕੱਟ ਕੇ ਮਾਸ ਕੱਢ ਦਿੱਤਾ ਉਹ ਉਸ ਨੂੰ ਹਟਾਉਂਦੀ, ਇਸ ਤਾਂ ਪਹਿਲਾਂ ਉਸ ਨੇ ਮੂੰਹ ਤੇ ਉਸ ਦਾ ਨੱਕ ਨੋਚ ਲਿਆ। ਉਸ ਦੇ ਰੌਲਾ ਪਾਉਣ 'ਤੇ ਦੋਸ਼ੀ ਭੱਜਣ ਲੱਗਾ ਤਾਂ ਉਸ ਨੇ ਉਸ ਨੂੰ ਫੜ ਲਿਆ, ਪਰ ਦੋਸ਼ੀ ਨੇ ਰਸੋਈ 'ਚੋਂ ਚਾਕੂ ਚੁੱਕ ਲਿਆ ਅਤੇ ਉਸ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ। ਇਸੇ ਦੌਰਾਨ ਗੁਆਂਢ ਵਿੱਚ ਰਹਿਣ ਵਾਲੀ ਔਰਤ ਉਥੇ ਪਹੁੰਚ ਗਈ ਜਿਸ ਨੇ ਉਸ ਦੇ ਪਤੀ ਨੂੰ ਉਸ ਨੂੰ ਹਸਪਤਾਲ ਪਹੁੰਚਾਉਣ ਲਈ ਕਿਹਾ। ਉਸ ਦਾ ਪਤੀ ਉਸ ਨੂੰ ਹਸਪਤਾਲ ਪਹੁੰਚਾਉਣ ਦੇ ਬਹਾਨੇ ਮਾਡਲ ਟਾਊਨ ਫੇਸ-3 ਦੇ ਨੇੜੇ ਮੱਛੀ ਚੌਕ 'ਤੇ ਕਾਰ 'ਚੋਂ ਜ਼ਬਰਦਸਤੀ ਉਤਾਰ ਕੇ ਫਰਾਰ ਹੋ ਗਿਆ।

# ਵਿਧਵਾ ਧੀ ਆਪਣੇ ਆਜ਼ਾਦੀ ਘੁਲਾਟੀਏ ਬਾਪ ਦੀ ਪੈਨਸ਼ਨ ਲੈਣ ਦੀ ਹੱਕਦਾਰ

